
ISSN 0972-2335

# ਅੰਮ੍ਰਿਤ ਕੀਰਤਨ

ਮਈ 2017



ਪੰਨਾ 179 ਨੰ: ੧ ਸਿਤਾਰ, ੨ ਦੁਤਾਰਾ, ੩ ਤਾਊਸ, ੪ ਤਾਨਪੂਰਾ, ੫ ਸਰੰਦਾ, ੬ ਰਬਾਬ, ੭ ਜੋੜੀ (ਤੰਬਲਾ).

ਮਹਾਨ ਕੋਸ਼ ਵਿੱਚੋਂ ਧੰਨਵਾਦ ਸਹਿਤ

ਮੁੱਲ 15/-

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

Posting Every 1st of Month
Posted by MBU Chd.

# ਨੀਂ ਮੈਂ ਕਮਲੀ ਆਂ

ਸਾਡੀ ਜਿੰਦੜੀ ਸੁੱਕ ਕੇ ਹੋਈ ਤੀਲਾ,
ਖਾਣ ਪੀਣ ਸਾਨੂੰ ਨ ਕੋਈ ਸੁੱਝਦਾ ਈ।
ਤਾਰੇ ਗਿਣਦਿਆਂ ਗਿਣਦਿਆਂ ਰਾਤ ਗੁਜ਼ਰੇ,
ਅਤੇ ਦਿਨ ਝਮੇਲਿਆਂ ਰੁੱਝਦਾ ਈ।
ਤੇਰੀ ਸਿੱਕ ਨੇ ਡਾਢਾ ਬੇਚੈਨ ਕੀਤਾ,
ਅੱਠੇ ਪਹਿਰ ਪਿਆ ਕਾਲਜਾ ਭੁੱਜਦਾ ਈ।
ਬਿਨਾ ਮਾਸ ਦੇ ਹੱਡੀਆਂ ਚੂਰ ਹੋਈਆਂ,
ਯਾਦ ਤੀਰ ਕਲੇਜੜੇ ਖੁੱਭਦਾ ਈ।
ਪਤਾ ਨਹੀਂ ਕਿਉਂ ਸਾਥੋਂ ਨਾਰਾਜ਼ ਮਾਹੀ,
ਕਰੇ ਤਰਸ ਨ ਸਾਡੀ ਦੁਹਾਈਆਂ ਤੇ।
ਅੱਠੇ ਪਹਿਰ ਰਹਿੰਦੀ ਹੈ ਯਾਦ ਤੇਰੀ,
ਫਿਰਾਂ ਕਮਲੀ ਵਾਂਗ ਸ਼ੁਦਾਈਆਂ ਦੇ।



# नीं मैं कमली आं

साडी जिंदड़ी सुक्क के होई तीला,
खाण पीण सानू न कोई सुझदा ई।

तारे गिणदिआं गिणदिआं रात गुज़रे,
अते दिन झमेजिआं रुझादा ई।

तेरी सिक्क ने डाढा बेचैन कीता,
अट्ठे पहर पिया कालजा भुजदा ई।

बिना मास दे हड्डियां चूर होईयां,
याद तीर कलेजड़े खुभदा ई।

पता नहीं क्यों साथों नाराज़ माही,
करे तरस न साडी दुहाईयां ते।

अट्ठे पहर रहिंदी है याद तेरी,
फिरां कमली वांग शुदाईयां दे।

ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ
ਸਹਿਯੋਗੀ
ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ
ਆਨਰੇਰੀ ਸਲਾਹਕਾਰ
ਸ: ਹਰਚੰਦਨ ਸਿੰਘ

- ▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- ▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

ਚੰਦੇ ਦਾ ਵੇਰਵਾ

- ▲ ਇਕ ਕਾਪੀ 15 ਰੁ.,
  ਦੇਸ਼ ਸਾਲਾਨਾ ਚੰਦਾ 150 ਰੁ.
  ਜੀਵਨ ਮੈਂਬਰ ਚੰਦਾ 1500 ਰੁ.
- ▲ ਵਿਦੇਸ਼: ਸਲਾਨਾ ਚੰਦਾ 30 £, ਜੀਵਨ ਮੈਂਬਰ ਚੰਦਾ 300 £
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ–

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ਸੈਕਟਰ 15-ਏ, ਚੰਡੀਗੜ੍ਹ 160 015

ਫੋਨ : 0172-2772660, 098140 53630

e-mail: drjagirsingh@gmail.com
Website : www.amritkirtan.com, www.gurshabad.com

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ ਫੋਨ : 0172-2216283, 98150-72197ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

## ਇਸ ਅੰਕ ਵਿਚ

ਸੰਪਾਦਕੀ : ਕਰਉ ਬੇਨੰਤੀਆ — 4
ਪਰਮਾਤਮਾ ਦਾ ਪਿਆਰ ਅਤੇ ਕਿਰਪਾ

ਗੁਰ-ਰੰਗ ਰੱਤੀ ਰੂਹ : ਪ੍ਰੋ. ਪਰਮਜੋਤ ਸਿੰਘ — 5
ਪ੍ਰੋ: ਕੁਲਵਿੰਦਰ

ਡਾ. ਹਰਿਭਜਨ ਸਿੰਘ : ਇਕ ਦਿਨ ਪਹਿਲਾਂ — 9
ਜਗਤਾਰਜੀਤ

ਰਾਗਾਂਜਲੀ ਵਲੋਂ ਗੁਰਬਖਸ਼ ਸਿੰਘ — 10

ਬਹੁ ਪੱਖੀ ਸ਼ਖਸੀਅਤ : — 12
ਭਾਈ ਕਰਮ ਸਿੰਘ ਰਤਨ
ਭਾਈ ਗੁਰਮੀਤ ਸਿੰਘ ਜੋਸ਼

REMEMBERING OUR MUSICAL HERITAGE — 15

ਸੁਰ ਲਿਪੀ (ਆਸਾ ਕਿ ਮਾਂਡ) — 22

### ਵਿਸ਼ੇਸ਼ ਸੂਚਨਾ

ਅੰਮ੍ਰਿਤ ਕੀਰਤਨ ਇਕ ਵਿਸ਼ੇਸ਼ ਪ੍ਰਕਾਰ ਦਾ ਮਾਸਿਕ ਪੱਤਰ ਹੈ। ਜੇ ਇਹ ਤੁਹਾਨੂੰ ਨਹੀਂ ਚਾਹੀਦਾ ਤਾਂ ਤੁਸੀਂ ਐਡਰੈੱਸ ਰੈਪਰ (ਕਵਰ ਪੇਪਰ) 'ਤੇ ਵਾਪਿਸ ਜਾਵੇ ਜਾਂ Return ਲਿਖ ਕੇ ਪੋਸਟ ਬਾਕਸ ਵਿਚ ਪਾ ਦਿਉ ਤਾਂ ਜੋ ਅੱਗੇ ਤੋਂ ਤੁਹਾਨੂੰ ਮੈਗਜ਼ੀਨ ਬੰਦ ਕਰ ਦਿੱਤਾ ਜਾਵੇ ਜਾਂ 9814053630 'ਤੇ ਸੂਚਿਤ ਕਰੋ ਜੀ।

### ਮਾਇਕ ਸਹਾਇਤਾ ਭੇਜਣ ਦੀ ਕਿਰਪਾ ਕਰੋ ਜੀ

ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of Patiala ਵਿਚ Amrit Kirtan Trust A/c 65079603302, IFSC:STBP0000240 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐੱਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।

Donations to AMRIT KIRTAN TRUST are eligible for relief u/s 80 G of Income-Tax Act, 1961 (43 of 1961) vide CIT/- I/ CHD/ Tech./ 80-G/ 2008-939 dated 19-05- 2008 valid up to 31/03/2012 and now valid in perpetuity.

Cheque should be sent in the name of AMRIT KIRTAN TRUST payable at chandigarh. Donations also can be sent by money order

# ਪਰਮਾਤਮਾ ਦਾ ਪਿਆਰ ਤੇ ਕਿਰਪਾ

ਪਿਛੇ ਜਿਹੇ ਇੰਟਰਨੈਟ ਤੇ ਇੱਕ ਵਾਰਤਾ ਸੁਣ ਰਿਹਾ ਸਾਂ।ਉਸ ਵਿੱਚ ਵਾਰਤਾਕਾਰ ਪਰਮਾਤਮਾ ਦੇ ਪਿਆਰ ਅਤੇ ਕਿਰਪਾ ਬਾਰੇ ਗੱਲ ਕਰਦਾ ਹੈ। ਉਸ ਅਨੁਸਾਰ ਪਰਮਾਤਮਾ ਸਾਰਿਆਂ ਨੂੰ ਇੱਕੋ ਜਿੰਨਾ ਪਿਆਰ ਕਰਦਾ ਹੈ। ਪਰ ਕਿਰਪਾ ਉਹ ਹਰ ਕਿੱਸੇ ਦੀ ਸਮਰਥਾ ਅਨੁਸਾਰ ਕਰਦਾ ਹੈ। ਇਸ ਗੱਲ ਨੂੰ ਸਮਝਾਉਣ ਲਈ ਉਹ ਭਗਵਤ ਗੀਤਾ ਦੀ ਇੱਕ ਸਾਖੀ ਸੁਣਾਉਂਦਾ ਹੈ।------ਸਮੁੰਦਰ ਦੇ ਕਿਨਾਰੇ ਇੱਕ ਚਿੜੀ ਦਾ ਆਹਲਣਾ ਸੀ। ਉਸ ਆਹਲਣੇ ਵਿੱਚ ਉਸ ਨੇ ਆਂਡੇ ਦਿੱਤੇ ਹੋਏ ਸਨ। ਇੱਕ ਦਿਨ ਜਦੋਂ ਚਿੜੀ ਚੋਗਾ ਲੈਣ ਬਾਹਰ ਗਈ ਹੋਈ ਸੀ ਤਾਂ ਸਮੁੰਦਰ ਆਪਣੀ ਲਹਿਰ ਨਾਲ ਆਂਡਿਆਂ ਸਮੇਤ ਉਹ ਆਹਲਣਾ ਰੋਹੜ ਕੇ ਲੈ ਗਿਆ। ਜਦੋਂ ਚਿੜੀ ਆਈ ਤਾਂ ਉਸ ਨੇ ਆਪਣਾ ਆਹਲਣਾ ਨਾ ਵੇਖ ਕੇ ਸਮੁੰਦਰ ਨੂੰ ਬੇਨਤੀ ਕੀਤੀ ਕਿ ਉਹ ਉਸ ਦਾ ਆਹਲਣਾ ਤੇ ਆਂਡੇ ਵਾਪਸ ਕਰ ਦੇਵੇ।ਪਰ ਸਮੁੰਦਰ ਨੇ ਆਂਡੇ ਵਾਪਸ ਕਰਨ ਤੋਂ ਇਨਕਾਰ ਕਰ ਦਿੱਤਾ। ਚਿੜੀ ਨੇ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ। ਉਥੇ ਹੋਰ ਵੀ ਜੀਵ ਜੰਤੂ ਇੱਕਠੇ ਹੋ ਗਏ। ਸਮੁੰਦਰ ਨੂੰ ਗੁੱਸਾ ਆ ਗਿਆ ਤੇ ਉਸ ਨੇ ਕਿਹਾ ਕਿ ਉਹ ਆਂਡੇ ਵਾਪਸ ਨਹੀਂ ਕਰੇਗਾ ਚਿੜੀ ਨੇ ਜੋ ਕਰਨਾ ਹੈ ਕਰ ਲਵੇ।ਚਿੜੀ ਨੇ ਸਮੁੰਦਰ ਨੂੰ ਧਮਕੀ ਦਿੱਤੀ ਕਿ ਜੇ ਉਸ ਨੇ ਉਸਦੇ ਆਂਡੇ ਵਾਪਸ ਨਾ ਕੀਤੇ ਤਾਂ ਉਹ ਸਮੁੰਦਰ ਨੂੰ ਸੁਕਾ ਕੇ ਆਪਣੇ ਆਂਡੇ ਵਾਪਸ ਲੈ ਲਵੇਗੀ।ਸਮੁੰਦਰ ਉਸ ਦੀ ਗੱਲ ਸੁਣ ਕੇ ਬਹੁਤ ਹੱਸਿਆ।ਚਿੜੀ ਨੇ ਆਪਣੀ ਛੋਟੀ ਜਿਹੀ ਚੁੰਝ ਨਾਲ ਸਮੁੰਦਰ ਦਾ ਪਾਣੀ ਭਰ ਭਰ ਕੇ ਬਾਹਰ ਸੁੱਟਣਾ ਸ਼ੁਰੂ ਕਰ ਦਿੱਤਾ। ਸਾਰੇ ਪੰਛੀ ਚਿੜੀ ਨੂੰ ਸਮਝਾਣ ਲੱਗੇ ਕਿ ਤੂੰ ਸਮੁੰਦਰ ਨੂੰ ਕਿਵੇਂ ਸੁਕਾ ਸਕਦੀ ਹੈਂ। ਪਰ ਚਿੜੀ ਦ੍ਰਿੜ ਇਰਾਦੇ ਨਾਲ ਬੋਲੀ ਕਿ ਆਪਣੇ ਬੱਚਿਆਂ ਤੋਂ ਬਿਨਾ ਵੀ ਕੀ ਜੀਉਣਾ ਹੋਇਆ ਮੈਂ ਤਾਂ ਇਹ ਕਰੀ ਜਾਣਾ ਹੈ। ਆਖਦੇ ਹਨ ਕਿ ਇਹ ਗੱਲ ਸਾਰੇ ਪਾਸੇ ਫੈਲ ਗਈ ਕਿ ਇੱਕ ਚਿੜੀ ਸਮੁੰਦਰ ਨੂੰ ਸੁਕਾਉਣ ਲੱਗੀ ਹੈ। ਜਦੋਂ ਇਸ ਦਾ ਪਤਾ ਪੰਛੀ ਸਮਰਾਟ ਗਰੁੜ ਜੀ ਨੂੰ ਲੱਗਾ ਤਾਂ ਉਹ ਆਪ ਇਹ ਵੇਖਣ ਲਈ ਉਥੇ ਆ ਗਏ। ਚਿੜੀ ਦਾ ਇਰਾਦਾ ਅਤੇ ਮਿਹਨਤ ਵੇਖ ਕੇ ਉਹਨਾਂ ਨੇ ਸਮੁੰਦਰ ਨੂੰ ਕਿਹਾ ਕਿ ਉਹ ਚਿੜੀ ਦੇ ਆਂਡੇ ਵਾਪਸ ਕਰ ਦੇਵੇ। ਸਮੁੰਦਰ ਨੇ ਫਿਰ ਇਨਕਾਰ ਕੀਤਾ ਤਾਂ ਗਰੁੜ ਨੇ ਕਿਹਾ ਜੇ ਸਮੁੰਦਰ ਨੇ ਆਂਡੇ ਵਾਪਸ ਨਾ ਕੀਤੇ ਤਾਂ ਉਸ ਨੂੰ ਚਿੜੀ ਦੀ ਮਦਦ ਕਰਨੀ ਪਵੇਗੀ।ਤੇ ਜੇ ਉਹ ਚਿੜੀ ਦੇ ਕਾਰਜ ਵਿੱਚ ਸ਼ਾਮਲ ਹੋ ਗਿਆ ਤਾਂ ਨਿਸਚੇ ਸਮੁੰਦਰ ਨੂੰ ਸੁਕਾ ਦਿੱਤਾ ਜਾਵੇਗਾ। ਇਹ ਸੁਣ ਕੇ ਸਮੁੰਦਰ ਨੇ ਚਿੜੀ ਦੇ ਆਂਡੇ ਵਾਪਸ ਕਰ ਦਿੱਤੇ। ---- ਇਸ ਤੋਂ ਬਾਅਦ ਵਾਰਤਾਕਾਰ ਸਮਝਾਉਂਦਾ ਹੈ ਕਈ ਵਾਰ ਅਸੀਂ ਕੁਝ ਚੀਜ਼ਾਂ ਦੀ ਇੱਛਾ ਤਾਂ ਕਰਦੇ ਹਾਂ ਪਰ ਸਾਨੂੰ ਇਹ ਨਹੀਂ ਪਤਾ ਹੁੰਦਾ ਕਿ ਉਹ ਚੀਜ਼ਾਂ ਸਾਨੂੰ ਚਾਹੀਦੀਆਂ ਵੀ ਹਨ ਕਿ ਨਹੀਂ ਅਤੇ ਜੋ ਚੀਜ਼ ਅਸਲ ਵਿੱਚ ਹੀ ਸਾਨੂੰ ਚਾਹੀਦੀ ਹੁੰਦੀ ਹੈ ਉਸ ਲਈ ਅਸੀਂ ਜੀ ਜਾਨ ਨਾਲ ਕੋਸ਼ਿਸ਼ ਕਰਦੇ ਹਾਂ ਤਾਂ ਹੀ ਪਰਮਾਤਮਾ ਦੀ ਕਿਰਪਾ ਹੁੰਦੀ ਹੈ ਤੇ ਉਹ ਕੁਝ ਸਾਨੂੰ ਪਰਾਪਤ ਹੋ ਜਾਂਦਾ ਹੈ।ਇਸ ਲਈ ਪਰਮਾਤਮਾ ਦੀ ਕਿਰਪਾ ਪ੍ਰਾਪਤ ਕਰਨ ਲਈ ਪਹਿਲਾਂ ਸਾਨੂੰ ਪਰਮਾਤਮਾ ਨੇ ਜੋ ਪਹਿਲਾਂ ਸਾਨੂੰ ਸਾਧਨ ਬਖਸ਼ੇ ਹਨ ਉਹਨਾਂ ਬਾਰੇ ਧੰਨਵਾਦ ਕਰਨਾਂ ਚਾਹੀਦਾ ਹੈ ਫਿਰ ਉਹਨਾਂ ਸਾਧਨਾਂ ਨੂੰ ਵਰਤਦਿਆਂ ਆਪਣਾ ਪੂਰਾ ਤਾਣ ਲਾਉਣਾ ਚਾਹੀਦਾ ਹੈ ਅਤੇ ਨਾਲ ਹੀ ਅਰਦਾਸ ਕਰਨੀ ਚਾਹੀਦੀ ਹੈ।ਇਸ ਤਰ੍ਹਾਂ ਕਰਨ ਨਾਲ ਸਾਨੂੰ ਪਰਮਾਤਮਾਂ ਦੀ ਕਿਰਪਾ ਪ੍ਰਾਪਤ ਹੋ ਜਾਂਦੀ ਹੈ।

# ਗੁਰ-ਰੰਗ ਰੱਤੀ ਰੂਹ : ਪ੍ਰੋ. ਪਰਮਜੋਤ ਸਿੰਘ

ਪ੍ਰੋ: ਕੁਲਵਿੰਦਰ ਸਿੰਘ

ਪਿਛਲੇ ਤਕਰੀਬਨ ਇੱਕ ਦਹਾਕੇ ਦੌਰਾਨ ਸਿੱਖ ਪੰਥ ਵਿਚ ਗੁਰੂ ਘਰ ਦੇ ਮਹਾਨ ਕੀਰਤਨੀਏ ਉਮਰ-ਭਰ 'ਨਾਦੋਪਾਸਨਾ' ਅਤੇ 'ਸ਼ਬਦ' ਦੀ ਕਮਾਈ ਕਰਦੇ ਹੋਏ ਸੰਗਤਾਂ ਨੂੰ ਗੁਰੂ ਕੀਆਂ ਸਾਖੀਆਂ ਸੁਣਾਉਂਦੇ, ਪਰਮ ਪਿਤਾ ਅਕਾਲ-ਪੁਰਖ ਦੀ ਸਿਫ਼ਤ-ਸਲਾਹ ਕਰਦੇ ਸਮੇਂ ਦੀ ਪ੍ਰਚੰਡ ਧਾਰਾ ਨੂੰ ਭੇਦਦੇ ਅਕਾਲੀ ਨਿਰੰਜਨੀ ਜੋਤੀ ਵਿਚ ਸਮਾ ਗਏ। ਜਿਹਨਾਂ ਵਿਚੋਂ ਭਾਈ ਦਿਲਬਾਗ ਸਿੰਘ (ਬੋਦਲਾਂ ਵਾਲੇ), ਭਾਈ ਅਵਤਾਰ ਸਿੰਘ (ਦਿੱਲੀ ਵਾਲੇ), ਭਾਈ ਅਮਰੀਕ ਸਿੰਘ ਜ਼ਖ਼ਮੀ (ਜਲੰਧਰ ਵਾਲੇ) ਜੀ ਦਾ ਨਾਮ ਵਿਸ਼ੇਸ਼ ਰੂਪ ਵਿਚ ਵਰਣਨਯੋਗ ਹੈ। ਭਾਈ ਦਿਲਬਾਗ ਸਿੰਘ ਅਤੇ ਭਾਈ ਅਮਰੀਕ ਸਿੰਘ ਜ਼ਖ਼ਮੀ ਭਾਈ ਮਰਦਾਨਾ ਜਿਸ 'ਤੇ ਅਕਾਲ ਰੂਪ ਬਾਬਾ ਗੁਰੂ ਨਾਨਕ ਦੇਵ ਜੀ ਨੇ ਆਪਣਾ ਗਿਆਨਮਈ ਨਾਦਾਤਮਕ ਸਰੂਪ (ਬਾਣੀ + ਨਾਦ) ਨਾਜ਼ਿਲ ਕਰਕੇ, ਸਮੂਹ ਮਾਨਵਤਾ ਦੀਆਂ ਖਿੰਡੀਆਂ ਬਿਰਤੀਆਂ ਨੂੰ ਇਸ ਸੰਯੁਕਤਾਤਮਕ 'ਧਾਰਾ' ਰਾਹੀਂ ਸੰਸਾਰ ਸਾਗਰ ਤੋਂ ਪਾਰ ਉਤਰਨ ਅਤੇ ਪਰਮਾਤਮਾ ਵਿਚ ਵਿਲੀਨ ਹੋਣ ਦਾ ਸੁਮਾਰਗ ਪ੍ਰਪੱਕ ਕੀਤਾ, ਦੀ ਅੰਸ਼-ਵੰਸ਼ ਦੇ ਧਾਰਨੀ ਗੁਰੂ ਕੇ ਰਬਾਬੀ ਕੀਰਤਨੀਆਂ ਦੀ ਪਰੰਪਰਾ ਨੂੰ ਅਗਾਂਹ ਤੋਰ ਰਹੇ ਸਨ ਅਤੇ ਭਾਈ ਅਵਤਾਰ ਸਿੰਘ ਜੀ ਉਸ ਰਾਗੀ ਪਰੰਪਰਾ ਵਿਚੋਂ ਸਨ, ਜਿਹਨਾਂ ਨੂੰ ਪੰਜਵੇਂ ਪਾਤਸ਼ਾਹ ਵੱਲੋਂ ਰਬਾਬੀ ਕੀਰਤਨਕਾਰਾਂ ਦੇ ਰੁੱਸ ਜਾਣ ਦੀ ਘਟਨਾ ਤੋਂ ਬਾਅਦ ਰਾਗ-ਬੱਧ ਕੀਰਤਨ ਦੀ ਬਖਸ਼ਿਸ਼ ਨਾਲ ਨਿਵਾਜਿਆ ਗਿਆ। ਜਿਸ ਨਾਲ ਗੁਰੂ ਘਰ ਵਿਚ ਰਬਾਬੀ ਅਤੇ ਰਾਗੀ ਕੀਰਤਨਕਾਰਾਂ ਦੀਆਂ ਦੋ ਸ਼੍ਰੇਣੀਆਂ ਪਰਿਪੱਕ ਹੋਈਆਂ, ਜਿਸ ਦੇ ਫ਼ਲਸਵਰੂਪ ਗੁਰੂ ਵਰੋਸਾਈ 'ਸ਼ਬਦ ਕੀਰਤਨ' ਪਰੰਪਰਾ ਪੀੜ੍ਹੀ-ਦਰ-ਪੀੜ੍ਹੀ ਵਿਕਾਸ ਦੀ ਧਾਰਾ 'ਤੇ ਨਿਰੰਤਰ ਵਿਕਸਿਤ ਹੁੰਦੀ ਆ ਰਹੀ ਹੈ। ਇਹਨਾਂ ਗੁਰੂ ਕੇ ਕੀਰਤਨੀਆਂ ਦੇ ਇੱਕ ਤੋਂ ਬਾਅਦ ਇੱਕ ਕਰਕੇ ਇਸ ਸੰਸਾਰ ਵਿੱਚੋਂ ਦੇਹ ਰੂਪ ਵਜੋਂ ਚਲੇ ਜਾਣ ਦੀ ਘਾਟ ਵਿਚੋਂ ਸਮੁੱਚਾ ਸਿੱਖ ਪੰਥ ਅਜੇ ਉਭਰਿਆ ਹੀ ਨਹੀਂ ਸੀ ਕਿ ਇੰਨੇ ਵਿੱਚ ਗੁਰੂ ਘਰ ਦੀ ਰਾਗੀ ਪਰੰਪਰਾ ਨੂੰ ਜੀਵੰਤ ਅਤੇ ਵਿਕਸਿਤ ਰੱਖਣ ਵਿਚ ਨਿਰੰਤਰ ਕਾਰਜਸ਼ੀਲ ਰਹਿਣ ਵਾਲੇ ਪ੍ਰੋ. ਪਰਮਜੋਤ ਸਿੰਘ ਜੀ ਵੀ 10-4-2014 ਨੂੰ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਸਿੱਖ ਪੰਥ ਨੂੰ ਇੱਕ ਹੋਰ ਸਦਮਾ ਦੇ ਗਏ।

ਭਾਈ ਸਾਹਿਬ ਭਾਈ ਪਰਮਜੋਤ ਸਿੰਘ ਨੂੰ ਸੰਗੀਤਕ ਗੁੜ੍ਹਤੀ ਵਿਰਸੇ ਵਿਚੋਂ ਹੀ ਪ੍ਰਾਪਤ ਹੋਈ। ਆਪ ਜੀ ਦੇ ਪਿਤਾ ਗਿਆਨੀ ਇੰਦਰ ਸਿੰਘ ਆਪਣੇ ਸਮੇਂ ਦੇ ਸਫ਼ਲ ਵਿਆਖਿਆਕਾਰ, ਕਥਾਕਾਰ ਤੇ ਕੀਰਤਨਕਾਰ ਸਨ, ਜਿਹਨਾਂ ਨੇ ਧਾਰਮਿਕ ਪੱਖੋਂ ਜਿੱਥੇ 'ਸ੍ਰੀ ਗੁਰੂ ਗ੍ਰੰਥ ਸਾਹਿਬ' 'ਸੂਰਜ ਪ੍ਰਕਾਸ਼ ਗ੍ਰੰਥ' ਅਤੇ ਹੋਰ ਇਤਿਹਾਸਿਕ ਗ੍ਰੰਥਾਂ ਨੂੰ ਆਪਣੇ ਚਿੰਤਨ

ਦਾ ਵਿਸ਼ਾ ਬਣਾਇਆ ਉਥੇ ਸੰਗੀਤਕ ਪ੍ਰਤਿਭਾ ਵਾਸਤੇ ਉਹ ਤਰਨਤਾਰਨ ਦੀ ਟਕਸਾਲ ਦੇ ਪ੍ਰਸਿੱਧ ਉਸਤਾਦ ਪੰਡਤ ਨੱਥੂ ਰਾਮ ਜੀ ਦੇ ਸ਼ਾਗਿਰਦ ਬਣ ਸੰਗੀਤਕ ਬਾਰੀਕੀਆਂ ਨੂੰ ਆਤਮਸ਼ਾਤ ਕਰਦੇ ਰਹੇ। ਪਿਤਾ ਪਾਸੋਂ ਸੰਗੀਤਕ ਗੁੜ੍ਹਤੀ ਲੈਣ ਮਗਰੋਂ ਉਹਨਾਂ ਦੀ ਪਰਵਰਿਸ਼ ਭਾਈ ਸੁੱਧ ਸਿੰਘ ਪਰਧਾਨ ਸਿੰਘ, ਭਾਈ ਧਰਮ ਸਿੰਘ ਜ਼ਖ਼ਮੀ, ਭਾਈ ਜੱਸਾ ਪਾਲਾ, ਭਾਈ ਸੁਰਜਨ ਸਿੰਘ, ਭਾਈ ਸਮੁੰਦ ਸਿੰਘ, ਭਾਈ ਅਵਤਾਰ ਸਿੰਘ, ਗੁਰਚਰਨ ਸਿੰਘ, ਸੰਤ ਸੁਜਾਨ ਸਿੰਘ ਆਦਿ ਵਰਗੇ ਪੰਥ ਪ੍ਰਸਿੱਧ ਕੀਰਤਨਕਾਰਾਂ ਦੀਆਂ ਗੁਰੂ ਬਖਸ਼ਿਸ਼ ਦੁਆਰਾ ਬਾਣੀ ਅਤੇ ਸੰਗੀਤ ਦੀਆਂ ਅਲੌਕਿਕ ਸਵਰ ਲਹਿਰੀਆਂ ਦੇ ਵਿਸਮਾਦਿਕ ਵਾਤਾਵਰਣ ਵਿੱਚ ਹੋਈ। ਪ੍ਰੋ. ਸਾਹਿਬ ਦਾ ਕਹਿਣਾ ਸੀ ਕਿ ਸੁਰਤ ਸੰਭਾਲਣ ਤੇ ਮੈਨੂੰ ਪ੍ਰਸਿੱਧ ਕੀਰਤਨੀਆਂ ਨੂੰ ਸਨਮੁੱਖ ਬੈਠ ਕੇ ਸੁਣਨ ਦਾ ਮੌਕਾ ਮਿਲਿਆ।

ਪ੍ਰੋ. ਸਾਹਿਬ ਵਿਚ ਬਚਪਨ ਤੋਂ ਹੀ ਸੰਗੀਤਕ ਸੂਝ, ਲਗਨ ਨੂੰ ਭਾਂਪਦੇ ਹੋਏ ਪਿਤਾ ਜੀ ਨੇ ਆਪ ਨੂੰ ਮਾਸਟਰ ਦੇਸ ਰਾਜ ਜੀ ਕੋਲੋਂ ਸ਼ਾਸਤਰੀ ਸੰਗੀਤ ਦੀ ਵਿਧੀਵੱਤ ਤਾਲੀਮ ਲੈਣ ਲਈ ਭੇਜਣਾ ਸ਼ੁਰੂ ਕੀਤਾ। ਇਸ ਤੋਂ ਉਪਰੰਤ ਆਪ ਨੇ ਆਪਣੀ ਸੰਗੀਤਕ ਉਤਕੰਠਾ ਨੂੰ ਸ਼ਾਂਤ ਕਰਨ ਲਈ ਪਟਿਆਲਾ ਘਰਾਣੇ ਦੇ ਉਸਤਾਦ ਬਾਕਿਰ ਹੁਸੈਨ ਖਾਨ, ਸੀਆ ਬਿਹਾਰੀ ਸ਼ਰਨ, ਸ੍ਰੀ ਮਦਨ ਬਾਲੀ ਵਰਗੇ ਵਿਖਿਆਤ ਤੇ ਨਾਮੀ ਸੰਗੀਤ ਕਲਾਕਾਰਾਂ ਪਾਸੋਂ ਸ਼ਾਸਤਰੀ ਸੰਗੀਤ ਦੀਆਂ ਗਾਇਨ ਅਤੇ ਵਾਦਨ ਪਰੰਪਰਾਵਾਂ ਦੇ ਗੂੜ੍ਹ ਰਹੱਸਾਂ ਨੂੰ ਗ੍ਰਹਿਣ ਕੀਤਾ। ਪਿਤਾ ਪਾਸੋਂ ਮਿਲੀ ਕੀਰਤਨ ਦੀ ਦਾਤ ਅਤੇ ਆਪਣੇ ਸਮੇਂ ਦੇ ਸੁਪ੍ਰਸਿੱਧ ਕੀਰਤਨਕਾਰਾਂ ਦੀ ਸੰਗਤ ਵਿਚ ਵਿਚਰਦਿਆਂ 'ਸ਼ਬਦ ਕੀਰਤਨ' ਦੀ ਮਰਿਆਦਤ ਪਰੰਪਰਾ ਵੱਲ ਅਗ੍ਰਸਰ ਹੋਣਾ ਸੁਭਾਵਿਕ ਹੀ ਸੀ, ਇਸ ਲਈ ਆਪ ਦੇ ਜੀਵਨ 'ਤੇ ਇੱਕ ਅਜਿਹੀ ਸਰਵਾਂਗੀ ਤੇ ਬਹੁਪੱਖੀ ਸ਼ਖ਼ਸੀਅਤ ਦਾ ਪ੍ਰਭਾਵ ਪਿਆ ਜਿਸ ਦੇ ਆਪ ਉਮਰ ਭਰ ਉਪਾਸ਼ਕ ਹੀ ਨਹੀਂ ਰਹੇ ਸਗੋਂ ਉਹਨਾਂ ਪਾਸੋਂ ਪੁਰਾਤਨ ਤੇ ਪਰੰਪਰਾਵਾਦੀ ਕੀਰਤਨ ਦੀ ਸਿਖਲਾਈ ਲੈ ਕੇ ਉਸ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਵਿਚ ਨਿਰੰਤਰ ਕਾਰਜਸ਼ੀਲ ਰਹੇ, ਉਸ ਸ਼ਖਸੀਅਤ ਦਾ ਨਾਮ ਹੈ, ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ।

ਪ੍ਰੋ. ਸਾਹਿਬ ਨੇ ਜਿੱਥੇ ਭਾਈ ਸਮੁੰਦ ਸਿੰਘ ਜੀ ਦੀ ਗਾਇਕੀ ਦੀਆਂ ਤਾਨ, ਆਲਾਪ, ਬੋਲ-ਬਾਂਟ, ਤਾਲਾਂ ਦੀ ਵਿਵਧਤਾ ਜਿਹੀਆਂ ਗੂੜ੍ਹ ਤੇ ਮਹੀਨ ਵਿਸ਼ੇਸ਼ਤਾਵਾਂ ਨੂੰ ਆਪਣੀ ਗਾਇਕੀ ਦਾ ਹਿੱਸਾ ਬਣਾਇਆ ਉੱਥੇ ਇੱਕ ਕੀਰਤਨਕਾਰ ਅਤੇ ਗੁਰਸਿੱਖ ਦੀ ਸ਼ਖਸੀ ਰਹਿਣੀ-ਬਹਿਣੀ ਦੇ ਮੁੱਖ ਅੰਗ ਦਸਤਾਰ, ਰਫ਼ਤਾਰ ਅਤੇ ਗੁਫ਼ਤਾਰ ਨੂੰ ਵੀ ਆਪਣੇ ਜੀਵਨ ਵਿਚ ਅਪਣਾਉਂਦਿਆਂ ਸਾਰੀ ਉਮਰ 'ਸ਼ਬਦ ਕੀਰਤਨ' ਦੀ ਪਵਿੱਤਰ ਮਰਿਆਦਤ ਪਰੰਪਰਾ ਨੂੰ ਜੀਵੰਤ ਰੱਖਣ ਲਈ ਉਸ ਦੇ ਸਿਧਾਂਤਕ ਅਤੇ ਵਿਵਹਾਰਿਕ ਪਹਿਲੂਆਂ ਦਾ ਪ੍ਰਚਾਰ ਤੇ ਪ੍ਰਸਾਰ ਕਰਦੇ ਰਹੇ।

ਪ੍ਰੋ. ਸਾਹਿਬ ਦੀ ਭਾਈ ਸਾਹਿਬ ਪ੍ਰਤੀ ਅਥਾਹ ਸ਼ਰਧਾ ਨੂੰ ਭਾਂਪਦਿਆਂ **1978** ਈ. ਵਿੱਚ 'ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ' ਨੇ ਲੁਧਿਆਣਾ ਵਿਖੇ ਵਿਦਿਆਰਥੀਆਂ ਨੂੰ ਗੁਰ ਸਿਧਾਤਾਂ, ਬਾਣੀ-ਬਾਣੇ ਅਤੇ ਸ਼ਬਦ ਕੀਰਤਨ ਨਾਲ

ਜੋੜਨ ਹਿੱਤ ਕੀਤੇ ਉਪਰਾਲਿਆਂ ਤਹਿਤ ਜਦੋਂ ਗੁਰਮਤਿ ਸੰਗੀਤ ਅਕੈਡਮੀ ਦੀ ਸਥਾਪਨਾ ਕਰ ਉਸ ਦਾ ਨਾਮ 'ਭਾਈ ਸਮੁੰਦ ਸਿੰਘ ਗੁਰਮਤਿ ਸੰਗੀਤ ਅਕੈਡਮੀ' ਰੱਖਣ ਦੀ ਯੋਜਨਾ ਬਣਾਈ ਤਾਂ ਪ੍ਰੋ. ਸਾਹਿਬ ਲਈ ਇਸ ਤੋਂ ਜ਼ਿਆਦਾ ਮਾਣ ਵਾਲੀ ਗੱਲ ਹੋਰ ਕਿਹੜੀ ਹੋ ਸਕਦੀ ਸੀ, ਬਸ ਫਿਰ ਆਪ ਵਿਦਿਆਰਥੀਆਂ ਵਿੱਚ ਭਾਈ ਸਾਹਿਬ ਦੇ ਗਾਇਨ ਦੀਆਂ ਵਿਸ਼ੇਸ਼ਤਾਵਾਂ ਨੂੰ ਪ੍ਰਚਾਰਨ ਅਤੇ ਉਹਨਾਂ ਨੂੰ ਤਨੋ-ਮਨੋ ਸਿਖਾਉਣ ਲਈ ਵਚਨਵੱਧ ਹੋ ਗਏ, ਸਿੱਟੇ ਵਜੋਂ ਆਪ ਨੂੰ ਇਸ ਅਕਾਦਮੀ ਦਾ ਆਨਰੇਰੀ ਪ੍ਰਿੰਸੀਪਲ ਬਣਾ ਦਿੱਤਾ ਗਿਆ।

ਭਾਈ ਸਾਹਿਬ ਪ੍ਰਤੀ ਪਿਆਰ, ਸਤਿਕਾਰ, ਸ਼ਰਧਾ ਪ੍ਰੋ. ਸਾਹਿਬ ਦੇ ਆਤਮਿਕ, ਮਾਨਸਿਕ ਅਤੇ ਸਰੀਰਕ ਹੱਦਬੰਦੀਆਂ ਦੀਆਂ ਸਮੂਹ ਤੰਦਾਂ ਵਿੱਚ ਇਸ ਕਦਰ ਰਮਿਆ ਹੋਇਆ ਸੀ ਕਿ ਉਹਨਾਂ ਨੇ ਆਪਣੇ ਘਰ ਦਾ ਨਾਮ ਵੀ 'ਸਵਰ ਸਮੁੰਦ' ਰੱਖਿਆ ਹੋਇਆ ਸੀ, ਜਿੱਥੇ ਭਾਈ ਸਾਹਿਬ ਦੁਆਰਾ ਗਾਇਨ ਕੀਤੀਆਂ ਸ਼ਬਦ ਰਾਗ-ਰੀਤਾਂ ਦੀ ਮਧੁਰ ਰਸਭਿੰਨੀ ਆਵਾਜ਼ ਹਮੇਸ਼ਾਂ ਗੂੰਜਾਇਮਾਨ ਰਹਿੰਦੀ। ਭਾਈ ਸਾਹਿਬ ਪ੍ਰਤੀ ਇਹ ਨਿਸ਼ਠਾ ਕੇਵਲ ਉਸਤਾਦ ਪ੍ਰਤੀ ਆਪਣਾ ਸਮਰਪਣ ਹੀ ਨਹੀਂ ਸੀ ਸਗੋਂ 'ਉਸਤਾਦ' ਦੇ ਮਾਧਿਅਮ ਰਾਹੀਂ ਵਿਵਹਾਰਿਕ ਰੂਪ ਵਿੱਚ ਸਦੀਆਂ ਤੋਂ ਪਰਵਾਹਿਤ ਹੁੰਦੀ ਆ ਰਹੀ 'ਸ਼ਬਦ ਕੀਰਤਨ' ਦੀ ਮਰਿਆਦਤ ਪਰੰਪਰਾ ਪ੍ਰਤੀ ਵੀ ਆਪ ਦੀ ਵਚਨਵੱਧਤਾ ਸੀ ਜਿਸ ਨੂੰ ਹੂ-ਬ-ਹੂ ਅਗਲੇਰੀ ਪੀੜ੍ਹੀ ਤੱਕ ਪਹੁੰਚਾਣ ਲਈ ਨਾ ਸਿਰਫ ਆਪ ਨੇ 'ਪੰਜਾਬ ਐਂਡ ਸਿੰਧ ਬੈਂਕ', 'ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ' 'ਸੁਕ੍ਰਿਤ ਟਰੱਸਟ' ਅਤੇ ਹੋਰ ਸਰਕਾਰੀ ਤੇ ਗ਼ੈਰ ਸਰਕਾਰੀ ਸੰਸਥਾਵਾਂ ਵੱਲੋਂ ਸ਼ੁਰੂ ਕੀਤੀਆਂ ਮੁਹਿੰਮਾਂ ਵਿੱਚ ਵਿਦਿਆਰਥੀਆਂ ਦੀ ਸਿਖਲਾਈ ਅਤੇ ਪੁਰਾਤਨ ਸ਼ਬਦ ਰੀਤਾਂ ਦੀਆਂ ਰਿਕਾਰਡਿੰਗਜ਼ ਕਰਵਾ ਕੇ ਆਪਣਾ ਯੋਗਦਾਨ ਪਾਇਆ, ਸਗੋਂ ਆਪ ਨੇ ਉਹਨਾਂ 'ਪੁਰਾਤਨ ਸ਼ਬਦ ਰਾਗ ਰੀਤਾਂ' ਨੂੰ ਸੁਰ-ਲਿੱਪੀ ਬੱਧ ਕਰਨ ਦਾ ਵੀ ਉਪਰਾਲਾ ਕੀਤਾ। ਇਹਨਾਂ ਵਿੱਚੋਂ ਵਿਸ਼ੇਸ਼ ਰੂਪ ਵਿੱਚ 'ਸਮੁੰਦ ਸਾਗਰ', 'ਸਹਜਿ ਧੁਨਿ', 'ਸਵਰ ਸਮੁੰਦ - ਸ਼ਬਦ ਰੀਤ ਰਤਨਾਵਲੀ', ਹਰਿ ਕੀਰਤਨ ਮਹਿ ਉਤਮ ਧੁਨਾ' ਕਿਤਾਬਾਂ ਸ਼ਾਮਿਲ ਹਨ। ਇਸ ਤੋਂ ਇਲਾਵਾ ਆਪ ਦੁਆਰਾ ਰਚਿਤ 'ਕਿਨਿ ਬਿਧਿ ਕੀਰਤਨ ਗਾਇ ਜੀਉ', 'ਸਵਰ ਸਮੁੰਦ- ਜੀਵਨ ਝਾਤ ਭਾਈ ਸਾਹਿਬ ਭਾਈ ਸਮੁੰਦ ਸਿੰਘ, 'ਮੇਰੀਆਂ ਅਭੁੱਲ ਯਾਦਾਂ' ਕਿਤਾਬਾਂ ਸ਼ਬਦ ਕੀਰਤਨ ਦੀਆਂ ਵਿਭਿੰਨ ਪਰੰਪਰਾਵਾਂ ਅਤੇ ਆਪਣੇ ਜੀਵਨ ਵਿਚਲੇ ਭਾਈ ਸਾਹਿਬ ਤੇ ਹੋਰ ਗੁਰਸਿੱਖ ਕੀਰਤਨਕਾਰਾਂ ਨਾਲ ਸੰਬੰਧਿਤ ਅਨੁਭਵਾਂ ਰਾਹੀਂ ਸ਼ਬਦ ਕੀਰਤਨ ਦੇ ਸਿਧਾਂਤਕ ਤੇ ਵਿਹਾਰਕ ਪੱਖ ਜਿਗਿਆਸੂਆਂ ਤੇ ਖੋਜੀ ਪਾਂਧੀਆਂ ਲਈ ਬਹੁਮੁੱਲੀ ਜਾਣਕਾਰੀ ਮੁਹੱਈਆ ਕਰਵਾਈ ਹੈ। ਇਸੇ ਲੜੀ ਤਹਿਤ ਆਪ ਨੇ ਪੰਜਾਬ ਐਂਡ ਸਿੰਧ ਬੈਂਕ ਵੱਲੋਂ 1996 ਵਿੱਚ ਸਥਾਪਿਤ 'ਸਿੱਖ ਡਿਵੋਸ਼ਨਲ ਮਿਊਜ਼ਿਕ ਆਰਕਾਈਵਜ਼' ਵਿੱਚ ਬਤੌਰ ਸੰਚਾਲਕ ਕਾਰਜ ਕਰਦਿਆਂ 600 ਤੋਂ ਵਧੇਰੇ ਪੁਰਾਤਨ ਤੇ ਟਕਸਾਲੀ ਸ਼ਬਦ ਰੀਤਾਂ ਦੀਆਂ ਆਡੀਉ ਕੈਸਟਾਂ ਦੇ ਖਜ਼ਾਨੇ ਨੂੰ ਆਉਣ ਵਾਲੀ ਭਾਵੀ ਪੀੜ੍ਹੀ ਲਈ ਸੰਭਾਲਿਆ।

ਪ੍ਰੋ. ਸਾਹਿਬ ਜੀ ਦੀ ਸਮੁੱਚੀ ਸ਼ਖ਼ਸੀਅਤ 'ਤੇ ਧਿਆਨ ਮਾਰੀਏ ਤਾਂ ਉਹ ਬਨਫ਼ਸ਼ੇ ਦੇ ਉਸ ਫੁੱਲ ਵਰਗੀ ਦ੍ਰਿਸ਼ਟੀਗੋਚਰ ਹੁੰਦੀ ਹੈ ਜੋ ਦੂਰ ਪਹਾੜਾਂ ਵਿੱਚ ਜ਼ਾਹਰਾ ਤੌਰ 'ਤੇ ਪ੍ਰਗਟ ਹੋਣ ਦੀ ਬਜਾਇ ਲੋਕਾਈ ਦੀ ਨਿਗ੍ਹਾਬੰਦੀ ਤੋਂ ਉਹਲੇ ਉੱਗਦਾ ਹੈ ਅਤੇ ਆਪਣੀ ਮਧੁਰ , ਰਸਭਿੰਨੜੀਆਂ ਛਹਿਬਰਾਂ ਨਾਲ ਸਮਸਤ ਕਾਇਨਾਤ ਨੂੰ ਸਰੋਸ਼ਾਰ ਕਰਦਾ ਹੈ। ਪੰਜਾਬੀ ਦੇ ਪ੍ਰਸਿੱਧ ਕਵੀ ਭਾਈ ਵੀਰ ਸਿੰਘ ਜੀ ਆਪਣੀ ਕਵਿਤਾ 'ਬਨਫ਼ਸ਼ਾਂ ਦਾ ਫੁੱਲ' ਵਿੱਚ ਅਜਿਹੀ ਸ਼ਖ਼ਸੀਅਤ ਬਾਰੇ ਬਿਆਨ ਕਰਦੇ ਹਨ :

ਮਿਰੀ ਛਿਪੀ ਰਹੇ ਗੁਲਜ਼ਾਰ

ਮੈਂ ਨੀਵਾਂ ਉੱਗਿਆ, ਕੁਈ ਲਗੇ ਨਾ ਨਜ਼ਰ ਟਪਾਰ

ਮੈ ਪਰਬਤ ਲੁਕਿਆ, ਮੈ ਲਿਆ ਅਕਾਸ਼ੋਂ ਰੰਗ

ਜੁ ਸ਼ੋਕ ਨਾ ਵੰਨ ਦਾ, ਹਾਂ, ਧੁਰੋਂ ਗਰੀਬੀ ਮੰਗ

ਮੈ ਆਯਾ ਧਰਤ ਤੇ,

ਠੀਕ ਇਸੇ ਤਰ੍ਹਾਂ ਪ੍ਰੋ. ਪਰਮਜੋਤ ਸਿੰਘ ਉਹ ਗੁਣਾਂ ਰੂਪੀ ਗੁਥਲੇ ਸਨ, ਜਿਹਨਾਂ ਨੇ 'ਗੁਰਮੁਖ ਰਿਦੈ ਗਰੀਬੀ ਆਵੈ' ਦੇ ਗੁਰਬਾਣੀ ਸਿਧਾਂਤ ਅਨੁਸਾਰ ਵੱਖ-ਵੱਖ ਉਸਤਾਦ ਗੁਣੀ-ਜਨਾਂ, ਵਿਦਵਾਨਾਂ ਪਾਸੋਂ 'ਨਾਦ ਸੰਸਾਰ' ਦੀਆਂ ਵਿਸਮਾਦੀ, ਅਨਾਦੀ ਕਣੀਆਂ ਨੂੰ ਗ੍ਰਹਿਣ ਕਰ 'ਸ਼ਬਦ ਗੁਰੂ' ਦੀ ਸੇਵਾ ਕਰਦਿਆਂ ਬੜੀ ਸ਼ਿੱਦਤ, ਲਗਨ, ਨਾਲ ਕਾਰਜ ਕੀਤਾ। ਆਪਣੇ ਕਾਰਜਾਂ ਅਤੇ ਪ੍ਰਾਪਤੀਆਂ ਹਿੱਤ ਆਪ ਨੇ ਕਦੇ ਵੀ ਦੁਨਿਆਵੀ ਸਰਕਾਰਾਂ-ਦਰਬਾਰਾਂ ਕੋਲੋਂ ਇਵਜ਼ ਵਜੋਂ ਕੋਈ ਮਾਣ-ਸਨਮਾਨ ਦੀ ਲਾਲਸਾ ਨਹੀਂ ਰੱਖੀ। ਗੁਰਵਾਕ 'ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ' ਅਨੁਸਾਰ ਆਪ ਦਾ ਸਮੁੱਚਾ ਕਾਰਜ ਕੇਵਲ ਗੁਰੂ ਨੂੰ ਹੀ ਸਮਰਪਿਤ ਸੀ, ਜਿਸ ਕਾਰਨ ਆਪ ਗੁਰਮਤਿ ਸੰਗੀਤ ਅਤੇ ਗੁਰੂ ਘਰ ਦੇ ਸੱਚੇ ਗੁਰਮੁਖ ਸੇਵਾਦਾਰ ਹੋ ਨਿਬੜੇ ਹਨ। ਆਪ ਜੀ ਦੇ ਦੇਹ ਰੂਪ ਵਜੋਂ ਸੰਸਾਰ ਨੂੰ ਤਿਆਗ ਕੇ ਚਲੇ ਜਾਣ ਨਾਲ ਸਿੱਖ ਪੰਥ ਨੂੰ ਜੋ ਘਾਟਾ ਪਿਆ ਹੈ, ਉਹ ਅਸਹਿਨੀਯ ਅਤੇ ਅਕਹਿਨੀਯ ਹੈ। ਇਸ ਬਾਬਤ ਸਿਰਫ ਇਹੀ ਕਿਹਾ ਜਾ ਸਕਦਾ ਹੈ:

" ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ

ਸਚੀ ਦਰਗਹ ਜਾਇ ਸਚਾ ਪਿੜੁ ਮਲਿਆ "

ਅਸਿਸਟੈਂਟ ਪ੍ਰੋਫੈਸਰ, ਮਾਤਾ ਗੁਜਰੀ ਮੈਮੋਰੀਅਲ ਕਾਲਜ ਆਫ਼ ਐਜੂਕੇਸ਼ਨ, ਬਲਵੰਡਾ (ਗੁਰਦਾਸਪੁਰ)

# ਡਾ. ਹਰਿਭਜਨ ਸਿੰਘ : ਇਕ ਦਿਨ ਪਹਿਲਾਂ

ਜਗਤਾਰਜੀਤ ਸਿੰਘ - ਮੋਬਾਇਲ 9899091186

ਉਹ ਰੋਗਵਸ ਹੀ ਸਨ, ਜਦੋਂ ਉਹਨਾਂ ਨੂੰ 'ਰੁੱਖ ਤੇ ਰਿਸ਼ੀ' ਲਈ ਸਰਸਵਤੀ ਸਨਮਾਨ ਮਿਲਿਆ ਅਤੇ ਫੇਰ ਸਾਹਿਤ ਅਕਾਦਮੀ ਦੀ ਫੈਲੋਸ਼ਿਪ ਮਿਲਣ ਵਾਲੇ ਇਨਾਮ-ਸਨਮਾਨ, ਸਹਿਜਭਾਵ ਨਾਲ ਹੀ ਆਉਂਦੇ ਰਹੇ। ਵਿਅਕਤੀ ਅਤੇ ਸਨਮਾਨ ਦੀ ਯੋਗਤਾ ਇਸੇ ਕਾਰਨ ਹੀ ਕਾਇਮ ਰਹਿੰਦੀ ਹੈ।

ਪੜ੍ਹਾਈ ਦੇ ਨਾਲ ਨਾਲ ਮੈਂ ਫਾਇਨ ਆਰਟਸ ਵੱਲ ਵੀ ਝੁਕਿਆ ਹੋਇਆ ਸੀ। ਫੇਰ ਸਮਾਂ ਆਇਆ ਦੂਜੇ ਖੇਤਰ ਵੱਲੋਂ ਮੈਂ ਹੱਟਦਾ ਗਿਆ। ਕੁੱਝ ਸਾਲਾਂ ਦੀ ਸੀਤ ਨੀਂਦਰਾ ਬਾਅਦ ਜਦੋਂ ਮੋਹ ਵੱਖਰਾ ਸਰੂਪ ਲੈ ਕੇ ਜਾਗਿਆ। ਪੇਂਟਿੰਗ ਕਰਨ ਦੀ ਬਜਾਇ ਪ੍ਰਸਿੱਧ ਚਿੱਤਰਕਾਰਾਂ ਨਾਲ ਉਹਨਾਂ ਦੇ ਕੰਮ ਨੂੰ ਸਾਹਮਣੇ ਰੱਖ ਕੇ ਗੱਲਬਾਤ ਦੀ ਲੜੀ ਆਰੰਭੀ। ਮੇਰੀ ਪੜ੍ਹਾਈ ਅਤੇ ਗੱਲਬਾਤ ਨਾਲੋਂ ਨਾਲ ਹੁੰਦੀ। ਪਹਿਲੀ ਕਿਤਾਬ ਕਲਾ ਅਤੇ ਕਲਾਕਾਰ ਇਸੇ ਮਿਹਨਤ ਦਾ ਨਤੀਜਾ ਸੀ। ਡਾ. ਹਰਿਭਜਨ ਸਿੰਘ ਨੂੰ ਇਸ ਪੁਸਤਕ ਹਿੱਤ ਕੁੱਝ ਲਿਖਣ ਲਈ ਕਿਹਾ ਤਾਂ ਉਹਨਾਂ ਮਨ੍ਹਾਂ ਨਾ ਕੀਤਾ।

ਕਦੇ ਕਦਾਈ ਕਲਾਕਾਰ ਜਾਂ ਕਲਾਕ੍ਰਿਤਾਂ ਬਾਰੇ ਆਪਸ ਚ ਵਿਚਾਰ ਵਟਾਂਦਰਾ ਹੁੰਦਾ ਰਹਿੰਦਾ । ਜੋ ਕਦੇ ਭਾਸ਼ਾ ਪੱਧਰ ਤੇ ਔਖ ਆਉਂਦੀ ਤਾਂ ਮੈਂ ਉਹਨਾਂ ਤੋਂ ਪੁੱਛ ਲੈਂਦਾ। ਹੁਣ ਕਾਵਿ 'ਜੰਗਲੀ ਸਫਰ 2002 ਬਾਰੇ ਮੁੱਖਬੰਦ ਲਿਖਣ ਲਈ ਕਿਹਾ ਤਾਂ ਉਹਨਾਂ ਨੇ ਸਪਸ਼ਟ ਨਾਂਹ ਕਰ ਦਿੱਤੀ। ਹਾਂ-ਨਾਂਹ ਦਾ ਰਹੱਸ ਮੇਰੇ ਲਈ ਭੇਦ ਹੀ ਬਣਿਆ ਰਿਹਾ।ਮੁੱਖਬੰਦ ਨਾ ਲਿਖਣ ਦੀ ਪੂਰਤੀ ਉਸ ਵੇਲੇ ਹੋ ਗਈ ਜਦੋਂ ਕਿਤਾਬ ਛਪਣ ਤੋਂ ਬਾਅਦ ਉਹਨਾਂ ਕਿਹਾ, "ਇਸ ਕਿਤਾਬ ਤੇ ਚਰਚਾ ਮੇਰੇ ਗ੍ਰਹਿ ਕਰ ਲਓ"।

ਉਹਨਾਂ ਨਾਲ ਆਖਰੀ ਮੁਲਾਕਾਤ ਉਹਨਾਂ ਦੇ ਅਕਾਲ ਚਾਲਣੇ ਤੋਂ ਇਕ ਦਿਨ ਪਹਿਲਾਂ ਹੋਈ। ਉਦਾਂ ਚਾਰ ਪੰਜ ਦਿਨ ਪਹਿਲਾਂ ਵੀ ਗਿਆ ਸੀ। ਉਸ ਦਿਨ ਉਹ ਕਾਫੀ ਨਿਢਾਲ ਅਤੇ ਚਾਦਰ ਲੈ ਕੇ ਲੰਮੇ ਪਏ ਸਨ। ਘਰਦਿਆਂ ਨੇ ਪਹਿਲਾਂ ਹੀ ਕਿਹਾ ਸੀ, "ਉਹ ਠੀਕ ਨਹੀਂ ਜਿਆਦਾ ਨਹੀਂ ਬੋਲਦੇ"।

ਮੈਂ ਕੁੱਝ ਵਿੱਥ ਤੇ ਕੁਰਸੀ ਲੈ ਕੇ ਬੈਠ ਗਿਆ। ਖੱਬੇ ਹੱਥ ਦਾ ਸੰਕੇਤ ਕਰਦਿਆਂ ਬੁਲ੍ਹਾਂ ਚੋ ਬੋਲ ਲੜਖੜਾਂਦੇ ਬਾਹਰ ਨਿਕਲੇ,"ਕਿਵੇਂ..... ਏ ਕਦੋਂ .... ਆਇਆ... ਏਂ" ?

... ਹੁਣੇ ਈ"

ਫੇਰ ਅੱਖਾਂ ਮੀਟ ਲਈਆਂ । ਥੋੜ੍ਹੇ ਵਕਫੇ ਬਾਅਦ ਬੋਲੇ, "ਵਰਿਆਮ ਆਉਂਦੈ ...."

"ਹਾਂ ਆਉਂਦਾ ਤਾਂ ਹੈ ਪਰ ਅਜੇ ਨਹੀਂ ਮਿਲਿਆ"। "ਤੇਰੇ ਯਾਰ ਨੇ ਤੇਰੀ ਕਿਤਾਬ ਬਾਰੇ ਲਿਖਿਆ ਹੈ।... ਸੋਹਣਾ ਲਿਖਿਆ ਉਹ... ਨੇ"

ਵਿਚ ਵਿਚਾਲੇ ਉਹ ਅੱਖਾਂ ਮੀਟ ਲੈਂਦੇ, ਖੋਲ੍ਹ ਲੈਂਦੇ। ਜਦ ਬੋਲਦੇ ਤਾਂ ਬੋਲਾਂ ਦਾ ਆਭਾਸ ਉਦਾਂ ਦਾ ਹੀ ਸੀ ਜਿਵੇਂ ਬੱਚਾ ਬੋਲਣਾ ਸਿੱਖ ਰਿਹਾ ਹੋਵੇ।

ਸਿਰ ਵਾਲੇ ਪਾਸੇ ਕੰਧ ਉਪਰ ਲੱਗੀ ਘੜੀ ਦੀ ਟਿਕ ਟਿਕ ਇਕ ਸਾਰ ਗੈਪ ਵਿੱਚ ਤੁਰੀ ਜਾ ਰਹੀ ਸੀ। ਬੈਠਿਆਂ-ਬੈਠਿਆਂ ਅਹਿਸਾਰ ਹੋਇਆ ਕਿ ਬੋਲੇ-ਸੁਣੇ ਜਾ ਰਹੇ ਸ਼ਬਦਾਂ ਦੇ ਵਿਚਾਲੇ ਟਿਕ ਟਿਕ ਦਾ ਦਖਲ ਨਿਰੰਤਰ ਵੱਧਦਾ ਜਾਰਿਹਾ ਹੈ। ਪਹਿਲਾਂ ਕਦੇ ਏਦਾਂ ਨਹੀਂ ਸੀ ਹੋਇਆ।

ਮੈਂ ਪੰਦਰਾਂ-ਵੀਹ ਮਿੰਟ ਬੈਠਾ। ਜਦ ਸ਼ਬਦ ਨਾ ਹੁੰਦੇ ਤਾਂ ਸੀਨੇ ਵਿੱਚ ਟਿਕ ਟਿਕ ਆਪਣੀ ਥਾਂ ਬਣਾ ਲੈਂਦੀ। ਇਸਦਾ ਪ੍ਰਭਾਵ ਲਗਾਤਾਰ ਉਦਾਂ ਦਾ ਹੀ ਸੀ ਜਿਵੇਂ ਠਹਿਰੇ ਪਾਣੀ ਵਿੱਚ ਕੋਈ ਸਖਸ ਢੀਮ ਸੁੱਟ ਰਿਹਾ ਹੋਵੇ। ਕਾਫੀ ਦੇਰ ਉਹਨਾਂ ਦੇ ਚਿਹਰੇ ਨੂੰ ਦੇਖਦਾ ਰਿਹਾ। ਸੋਚਿਆ ਅੱਖਾਂ ਖੋਲ੍ਹਣ ਤਾਂ ਜਾਣ ਦੀ ਆਗਿਆ ਲਵਾਂ।

ਅੱਖਾਂ ਖੋਲ੍ਹੀਆਂ ਤਾਂ ਮੈਂ ਅੱਗੇ ਵਾਂਗ ਗਿਹਾ, "ਅੱਛਾ ਮੈਂ ਚਲਦਾ"। ਉਹਨਾਂ ਸਿਰਹਾਣੇ ਟਿਕੇ ਸਿਰ ਨੂੰ 'ਹਾਂ ਵਿਚ ' ਹਲਦੇ ਜਿਹਾ ਉਪਰ ਥੱਲੇ ਕੀਤਾ ਅਤੇ ਸੱਜਾ ਹੱਥ ਉਪਰ ਚੁੱਕੇ ਕੇ ਹਲਕਾ ਜਿਹਾ ਹਿਲਾਇਆ। ਹਿਲਦੇ ਹੱਥ ਦੀ ਮੁਦਰਾ ਦੇਖਣ ਨੂੰ ਉਸੇ ਸਥਿਤੀ ਵਿੱਚ ਦੇਖਦਾ=ਦੇਖਦਾ ਮੈਂ ਅੰਦਰੋਂ ਬਾਹਰ ਅਤੇ ਫਿਰ ਘਰੋਂ ਬਾਹਰ ਨਿਕਲ ਆਇਆ। ਉਹਨਾਂ ਦੀ ਹਾਲਤ ਨੂੰ ਦੇਖਣ ਦੇ ਬਾਵਜੂਦ ਉਸ ਵੇਲੇ ਸ਼ੱਕ ਤੱਕ ਨਾ ਹੋਇਆ ਕਿ 'ਮੱਥਾ ਦੀਵੇ ਵਾਲਾ' ਦੀ ਲੋਅ ਦੀਵੇ ਨੂੰ ਛੱਡ ਕੇ ਆਪ ਆਪਣੇ ਅਗਲੇ ਪੈਂਡੇ ਲਈ ਤੁਰ ਪਵੇਗੀ।

ਪੁਸਤਕ ਰੀਵੀਊ

# ਰਾਗਾਂਜਲੀ ਵਲੋਂ ਗੁਰਬਖਸ਼ ਸਿੰਘ

ਜਲੰਧਰ ਰਹਿੰਦੇ ਸਾਂ ਤਾਂ ਮੇਰੇ ਕੁਝ ਰਾਗ-ਰਸੀਏ ਯਾਰ ਬੇਲੀ ਜਿਵੇਂ ਕਿ ਜਗਜੀਤ ਸਿੰਘ ਤਰਸ ਰੇਡੀਓ ਆਰਟਿਸਟ, ਉਸਤਾਦ ਸੋਹਣ ਸਿੰਘ ਦੇ ਸ਼ਾਗਿਰਦ ਬਲਬੀਰ ਸਿੰਘ ਕਲਸੀ ਫਿਰੋਜ਼ਪੁਰ ਵਾਲੇ ਅਤੇ ਮੋਹਨ ਸਿੰਘ ਤਬਲਾ ਨਵਾਜ਼ ਰੇਰੂ ਵਾਲੇ, ਪੁਰਾਣੇ ਉਸਤਾਦਾਂ ਦੀਆਂ ਗੱਲਾਂ ਬਾਤਾ ਛੇੜਦੇ ਤਾਂ ਸੁਣ ਕੇ ਬੜਾ ਮਜ਼ਾ ਆਉਦਾ। ਕਦੇ ਕਦੇ ਉਹ ਸਾਡੇ ਬਸਤੀ ਨੌ ਵਾਲੇ ਘਰ ਵੀ ਆ ਜਾਂਦੇ। ਪੰਜਾਬ ਘਰਾਣੇ ਦੇ ਮਸ਼ਹੂਰ ਤਬਲਾ ਨਵਾਜ਼ ਉਸਤਾਦ ਲਛਮਣ ਸਿੰਘ ਸੀਨ ਦਾ ਨਜਾਬਤ ਨਗਰ ਵਾਲਾ ਘਰ ਸਾਡੇ ਘਰ ਤੋਂ ਮਸਾਂ ਫਰਲਾਂਗ ਕੁ ਕੇ ਫਾਸਲੇ ਤੇ ਹੋਵੇਗਾ ਅਤੇ ਏਸੇ ਤਰ੍ਹਾਂ ਪ੍ਰੋ. ਯਸ਼ਪਾਲ ਜਿਹੜੇ ਪਿੱਛੋਂ ਪੰਜਾਬ ਯੂਨੀਵਰਸਿਟੀ ਦੇ ਸੰਗੀਤ ਵਿਭਾਗ ਦੇ ਮੁਖੀ ਵੀ ਬਣੇ-ਦਾ ਬਸਤੀ ਗੁਜਰਾਂਵਾਲਾ ਘਰ ਵੀ ਕਰੀਬਨ ਏਨੇ ਕੁ ਫਾਸਲੇ ਤੇ ਹੀ ਸੀ। ਕਦੇ ਕਦੇ ਇਨ੍ਹਾਂ ਬਾਰੇ ਵੀ ਚਰਚਾ ਸੁਣਨ ਨੂੰ ਮਿਲਦੀ।

1964 'ਚ ਮੈਂ ਲੰਡਨ ਆ ਗਿਆ ਤਾਂ ਏਥੇ ਦੀਆਂ ਤਿੰਨ ਬੇਹੱਦ ਖੂਬਸੂਰਤ ਸ਼ਖਸ਼ੀਅਤਾਂ ਮੇਰੇ ਸੰਪਰਕ ਵਿੱਚ ਆਈਆਂ। ਇੱਕ ਸਨ ਮੇਰੇ ਪੀਰੋ ਮੁਰਸ਼ਦ, ਪਟਿਆਲਾ ਘਰਾਣੇ ਦੀ ਬੇਹੱਦ ਮਾਇਆ ਨਾਜ਼ ਹਸਤੀ ਉਸਤਾਦ ਕਰਮ ਸਿੰਘ ਚੱਕਰਵਰਤੀ ਅਤੇ ਦੂਜੇ ਸਨ ਸ. ਮੋਹਨ ਸਿੰਘ ਮੂਸਾਪੁਰੀ। ਦੋਵੇਂ ਆਖਰਾਂ ਦੇ ਗੁਣੀ ਬੰਦੇ ਸਨ, ਉਮਰ ਵਿੱਚ ਮੇਰੇ ਤੋਂ ਕਾਫੀ ਵੱਡੇ , ਇਸ ਲਈ ਕੁਦਰਤੀ ਸੀ ਕਿ ਦਰਸ਼ਨ ਦੀਦਾਰ ਸਮੇਂ, ਸੰਭਲ ਕੇ ਠੀਕ ਸਲੀਕੇ ਨਾਲ ਹੀ ਪੇਸ਼ ਆਉਣਾ ਪੈਂਦਾ ਸੀ। ਤੀਜਾ ਬੰਦਾ ਸੀ, ਗੁਰਬਖਸ਼ ਸਿੰਘ। ਉਹ ਪ੍ਰੋੜ ਸੰਗੀਤ-ਰਸੀਆ ਹੋਣ ਤੋਂ ਛੁੱਟ, ਪ੍ਰੋੜ ਸਾਹਿਤ-ਰਸੀਆ ਵੀ ਸੀ, ਜਿਸਨੂੰ ਵਰਿਆਮ ਸਿੰਘ ਸੰਧੂ ਵਰਗਾ ਵੱਡਾ ਲੇਖਕ ਵੀ 'ਗੁਰਦੇਵ' ਕਹਿ ਕੇ ਸਤਿਕਾਰਦਾ ਸੀ। ਕਿਉਂਕਿ ਉਹ ਮੇਰਾ ਹਾਣੀ ਸੀ, ਇਸ ਲਈ ਉਸ ਨਾਲ ਖੁੱਲ ਕੇ ਗੱਪ-ਸ਼ੱਪ ਵੀ ਲੱਗ ਜਾਂਦੀ ਸੀ, ਹਰ ਤਰ੍ਹਾ ਦਾ ਵਿਚਾਰ ਵਟਾਂਦਰਾ ਵੀ ਹੁੰਦਾ ਰਹਿੰਦਾ, ਇਸ ਲਈ ਉਸ ਨਾਲ ਮੀਜਾ ਖੂਬ ਮਿਲਦੀ ਸੀ। ਪਹਿਲਾਂ ਕਿਰਾਏ ਤੇ ਇਕੱਠੇ ਰਹਿੰਦੇ ਰਹੇ, ਪਿੱਛੋਂ ਮਕਾਨ ਲੈ ਲਏ ਤਾਂ ਗੁਆਂਢੀ ਬਣ ਗਏ।

ਆਪਣੀ ਕਿਤਾਬ ਲਈ ਮੇਰੀ ਦਿਲਚਸਪੀ ਕਿਉਂਕਿ ਪੰਜਾਬ ਦੇ ਸੰਗੀਤ ਘਰਾਣਿਆਂ ਅਤੇ ਕਲਾਕਾਰਾਂ ਵਿੱਚ ਸੀ, ਇਸ ਲਈ ਮੈਨੂੰ ਇੰਡੀਆ, ਪਾਕਿਸਤਾਨ ਤੋਂ ਵੱਡੇ ਉਸਤਾਦਾਂ ਨੂੰ ਨਿੱਜੀ ਮਹਿਫਲਾਂ ਕਰਵਾ ਕੇ, ਸਾਹਮਣੇ ਬੈਠ ਕੇ ਸੁਣਨ ਦਾ ਬੜਾ ਸ਼ੋਕ ਸੀ। ਕੁਦਰਤੀ, ਸੁਣਨ ਵਾਲਿਆਂ ਦੀ ਕਤਾਰ ਚ ਗੁਰਬਖਸ਼ ਸਿੰਘ ਪਹਿਲਾ ਦੂਜਾ ਵਿਅਕਤੀ ਹੁੰਦਾ ਸੀ। ਮੈ ਜਾਤਾ ਕਿ ਉਸਨੂੰ ਸਾਡੇ ਕਲਾਸਿਕ ਸੰਗੀਤ ਨਾਲ ਆਖਰਾਂ ਦਾ ਮੋਹ ਹੈ। ਅਸਲ ਵਿੱਚ ਉਹਦਾ ਪਰਿਵਾਰਕ ਪਿਛੋਕੜ ਹੀ ਬੜਾ ਤਕੜਾ ਹੈ। ਉਹਦੇ ਬਾਬਾ ਸਰਦਾਰ ਅਤਰ ਸਿੰਘ ਪੰਥ ਦੇ ਮਹਾਨ ਕੀਰਤਨੀਏ ਭਾਈ ਹੀਰਾ ਸਿੰਘ ਭਾਗ ਸਿੰਘ ਦੇ ਬੜੇ ਗੂੜ੍ਹੇ ਮਿੱਤਰ ਸਨ। ਉਹਨਾਂ ਨੂੰ ਇਸ ਗੱਲ ਦਾ ਸ਼ਰਫ ਹਾਸਲ ਸੀ ਕਿ ਉਨ੍ਹਾਂ ਨੇ ਆਪਣੇ ਇਕ ਪਰਮ ਮਿੱਤਰ ਭਾਈ ਤਖਤ ਸਿੰਘ ਨਾਲ ਮੋਢੇ ਨਾਲ ਮੋਢਾ ਡਾਹ ਕੇ ਫਿਰੋਜ਼ਪੁਰ ਵਿੱਚ ਸਿੱਖ ਕੰਨਿਆ ਮਹਾਵਿਦਿਆਲਾ ਖੋਲ੍ਹਿਆ, ਜਦੋਂ ਕੁੜੀਆਂ ਨੂੰ ਪੜਨ ਪੜਾਉਂਣ ਦਾ ਕੋਈ ਸੋਚਦਾ ਤੱਕ ਵੀ ਨਹੀਂ ਸੀ। ਉਚੇਰੀ ਵਿਦਿਆ ਪ੍ਰਾਪਤ ਕਰਨ ਦਾ ਸ਼ੌਕ ਕਿਉਂਕਿ ਖੂਨ ਵਿੱਚ ਸੀ, ਇਸ ਲਈ ਸੰਗੀਤ ਦਾ ਸ਼ੌਕ ਵੀ ਪਾਲਦਾ ਰਿਹਾ। ਅਗਾਂਹ ਚੋਧਰੀ ਸਾਹਿਬ ਦੇ ਬੰਦੇ ਸ. ਹਰਨਾਮ ਸਿੰਘ ਜਿਹੜੇ ਬੜਾ ਖੂਰਸੂਰਤ ਕੀਰਤਨ ਕਰਦੇ ਸਨ, ਦੀ ਦੋਸਤੀ ਉਸ ਸਮੇਂ ਦੇ ਦੋ ਤਿੰਨ ਬਹੁਤ ਵੱਡੇ ਉਸਤਾਦਾਂ ਜਿਵੇਂ ਕਿ ਸੰਤ ਜਵੰਦ ਸਿੰਘ, ਬਾਵਾ ਕਾਨ੍ਹ ਦਾਸ ਅਤੇ ਉਸਤਾਦ ਨਿਹਾਲ ਸਿੰਘ ਨਾਲ ਸੀ। ਕਦੇ ਕਦੇ ਇਕੱਠੇ ਉਹ ਕੀਰਤਨ ਵੀ ਕਰਦੇ। ਸੋ ਇਸ ਤਰ੍ਹਾਂ ਨਾਲ ਗੁਰਬਖਸ਼ ਸਿੰਘ ਨੂੰ ਸੰਗੀਤ ਦੀ ਗੁੜ੍ਹਤੀ ਘਰੋਂ ਹੀ ਮਿਲੀ। ਸੱਭ ਤੋਂ ਪਹਿਲਾਂ, ਥੋੜਾ ਬਹੁਤ ਆਪਣੇ ਮਾਤਾ (ਬੀਬੀ ਨਰਿੰਦਰ ਕੌਰ) ਪਿਤਾ ਜੀ ਤੋਂ ਸਿੱਖਿਆ, ਫਿਰ ਪੰਡਿਤ ਕਾਂਸੀ ਰਾਮ ਤੋਂ , ਫਿਰ ਮਹਿੰਦਰ ਸਿੰਘ ਠੁਮਰੀ ਤੋਂ ਅਤੇ

ਅਖੀਰ 'ਚ ਸ. ਮੋਹਨ ਸਿੰਘ ਮੂਸਾਪੁਰੀ ਅਤੇ ਪ੍ਰੋ. ਯਸ਼ਪਾਲ ਜੀ ਤੋਂ । ਬੁਨਿਆਦੀ ਤੌਰ ਤੇ ਭਾਵੇਂ ਆਪ ਲੰਡਨ ਦੇ ਇਕ ਕਾਲਜ ਵਿੱਚ ਹਿਸਾਬ ਦੇ ਲੈਕਚਰਾਰ ਰਹੇ, ਪਰ ਇਸਦੇ ਨਾਲ ਨਾਲ ਸੰਗੀਤ ਨਾਲ ਉਨ੍ਹਾਂ ਦਾ ਲਗਾਓ ਐਨ ਓਸੇ ਤਰ੍ਹਾ ਬਣਿਆ ਰਿਹਾ। ਏਹੀ ਕਾਰਨ ਸੀ ਕਿ ਉਹ ਮੁਕਾਮੀ ਗੁਰੂ ਘਰਾਂ 'ਚ ਬੱਚਿਆਂ ਨੂੰ ਬਾਈ ਸਾਲ ਕੀਰਤਨ ਦੀ ਸਿੱਖਿਆ ਦਿੰਦੇ ਰਹੇ, ਉਹ ਵੀ ਮੁਫ਼ਤ।

ਹੁਣ ਪਿਛਲੇ ਦਿਨੀਂ ਉਨ੍ਹਾਂ ਦੀਆਂ ਬੰਦਸ਼ਾਂ ਦੀ ਇੱਕ ਕਿਤਾਬ 'ਰਾਗਾਂਜਲੀ' ਛਪੀ ਹੈ। ਰਾਗਾਂ ਤੇ ਆਧਾਰਤ ਗੁਰਬਾਣੀ, ਜਿਸ ਵਿੱਚ ਪ੍ਰਚੱਲਤ ਅਤੇ ਅਪ੍ਰਚੱਲਤ ਰਾਗ ਦਰਜ ਹਨ। ਇਸ ਵਿੱਚ 112 ਰਾਗ ਹਨ ਅਤੇ 150 ਬੰਦਸਾਂ । ਇੱਕੋ ਸ਼ਬਦ, ਇੱਕੋ ਰਾਗ, ਕਈ ਕਈ ਤਾਲਾਂ ਵਿੱਚ ਹਨ, ਜਿਹੜੀ ਕਿ ਪੜਤਾਲ ਵੀ ਬਣ ਸਕਦੀ ਹੈ। ਇਸ ਵਿੱਚ ਭਾਵੇਂ ਕਿ ਰਵਾਇਤੀ ਰੀਤਾਂ ਨਹੀਂ ਕੁਝ ਕੁਝ ਪ੍ਰੋੜ-ਰਾਗੀਆਂ ਲਈ ਗਾਉਣੀਆਂ ਵੀ ਸਹਿਲ ਨਹੀਂ, ਤਾਂ ਵੀ ਇਸ ਵਿੱਚ ਕੁਝ ਕੁ ਗੁਰੂ ਘਰਾਂ 'ਚ ਗਾਉਣ ਵਾਲੀਆਂ ਸਿੱਧੀਆ ਸਿੱਧੀਆਂ ਵੀ ਹਨ। ਖ਼ੂਬੀ ਇਹ ਹੈ ਕਿ ਉਨ੍ਹਾਂ ਵਿੱਚ ਵੀ ਰਾਗ ਦਾ ਸਰੂਪ, ਸਹੀ ਰੰਗ ਕਾਇਮ ਰੱਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਕਰਤਾ ਆਰੋਹ ਅਵਰੋਹ ਦੇ ਚੱਕਰ ਚ ਨਹੀਂ ਪਿਆ। ਰਾਗਾਂ ਦੇ ਵੇਰਵਿਆਂ ਵਿੱਚ ਆਰੋਹ ਅਵਰੋਹ ਇਸ ਲਈ ਨਹੀਂ ਦਿੱਤਾ ਗਿਆ ਕਿਉਂਕਿ ਰਾਗਾ ਦਾ ਰੂਪ ਉਨ੍ਹਾਂ ਦੀ ਚਾਲ ਦਰਸਾ ਕੇ ਹੀ ਸਾਹਮਣੇ ਆਉਦਾ ਹੈ। ਕਿਤਾਬ ਵਿੱਚ ਕੁੱਝ ਰਾਗ ਐਸੇ ਵੀ ਹਨ ਜਿਨ੍ਹਾਂ ਦਾ ਆਮ ਕਿਤਾਬਾਂ ਵਿੱਚ ਜ਼ਿਕਰ ਨਹੀਂ ਮਿਲਦਾ। ਕਰਤਾ ਨੇ ਦੋ ਰਾਗ ਖੁਦ ਵੀ ਸਿਰਜੇ ਹਨ-ਸਰਸਵਤੀ ਮਲਾਰ ਅਤੇ ਅਸ਼ਾਕ ਕਾਨ੍ਹੜਾ। ਕੁੱਲ ਮਿਲਾ ਕੇ ਇਸ ਕਿਤਾਬ ਨਾਲ ਗੁਰਮਤਿ ਸੰਗੀਤ ਚ ਇਕ ਨਵੇਂ ਖ਼ੂਬਸੂਰਤ ਪੁਸ਼ਪ ਦਾ ਵਾਧਾ ਹੋਇਆ ਹੈ, ਜਿਸ ਲਈ ਆਪਣੇ ਦੋਸਤ ਨੂੰ ਮੈਂ ਹਾਰਦਿਕ ਵਧਾਈ ਪੇਸ਼ ਕਰਦਾ ਹਾਂ। ਪੂਰਨ ਆਸ ਹੈ ਕਿ ਇਸ ਕਿਰਤ ਦਾ ਸੰਗੀਤ ਪ੍ਰੇਮੀ ਨਿੱਘਾ ਸਵਾਗਤ ਕਰਨਗੇ। ਇਸ ਕਿਤਾਬ ਦੇ ਪ੍ਰਕਾਸ਼ਕ ਸੁਰਿੰਦਰ ਪਹੂਜਾ-ਮਹਿੰਦਰ ਕੈਪੀਟਲ ਪਬਲਿਸ਼ਰਜ ਹਨ


25/7, ਉਦਯੋਗਿਕ ਖੇਤਰ, ਫੇਜ਼-2, ਚੰਡੀਗੜ੍ਹ- 160002

ਫੋਨ : 0172-5077345, 5073345

ਰੀਵੀਊਕਾਰ : ਬਲਬੀਰ ਸਿੰਘ ਕੰਵਲ ਲੰਡਨ - ਪ੍ਰਸਿੱਧ ਪੁਸਤਕ 'ਪੰਜਾਬ ਦੇ ਪ੍ਰਸਿੱਧ ਰਾਗੀ ਰਬਾਬੀ ਦੇ ਕਰਤਾ ਹਨ

e-mail:P balbirkanwal@hotmail.com

**ਪਿਛਲੇ ਅੰਕ ਦੀ ਬਾਕੀ**



ਕੀਰਤਨੀਆਂ ਦੇ ਜੀਵਨ ਬਾਰੇ ਬਹੁਤ ਘੱਟ ਲਿਖਿਆ ਗਿਆ ਹੈ। ਜੋ ਲਿਖਿਆ ਜਾਂਦਾ ਹੈ, ਕਈ ਵਾਰ ਉਹ ਵੀ ਇਕ ਪਾਸੜ ਹੁੰਦਾ ਹੈ। ਕੁਝ ਸ਼ਰਧਾਲੂ ਕੀਰਤਨੀਆਂ ਦੀ ਅਤਿ ਪ੍ਰਸ਼ੰਸਾ ਕਰ ਦਿੰਦੇ ਹਨ ਅਤੇ ਕੁਝ ਆਲੋਚਕ ਕੀਰਤਨੀਆਂ ਦੀ ਗਾਇਨ ਸ਼ੈਲੀ ਆਦਿ ਬਾਰੇ ਆਲੋਚਨਾ ਕਰਦੇ ਹਨ।ਅਸੀਂ ਚਾਹੁੰਦੇ ਹਾਂ ਕਿ ਸਰੋਤੇ ਜਾਂ ਕੁਝ ਹੋਰ ਲੇਖਕ ਆਪਣੇ ਨੇੜਲੇ ਕੀਰਤਨੀਆਂ ਦੇ ਜੀਵਨ ਬਾਰੇ ਕੁਝ ਲਿਖਦੇ ਰਹਿਣ ਤਾਂ ਜੋ ਉਹਨਾਂ ਦੇ ਜੀਵਨ ਬਾਰੇ ਆਮ ਸੰਗਤਾਂ ਨੂੰ ਜਾਣਕਾਰੀ ਮਿਲੇ ਅਤੇ ਨਵੇਂ ਕੀਰਤਨੀਆਂ ਨੂੰ ਕੋਈ ਸੇਧ ਪ੍ਰਾਪਤ ਹੋਵੇ। ਅਸੀਂ ਭਾਈ ਕਰਮ ਸਿੰਘ ਰਤਨ ਦੀ ਜੀਵਨੀ ਨੂੰ ਜਿਹੜੀ ਕਿ ਭਾਈ ਗੁਰਮੀਤ ਸਿੰਘ ਜੋਸ਼ ਨਵੀਂ ਦਿੱਲੀ ਵਾਲਿਆਂ ਨੇ ਬੜੀ ਸ਼ਰਧਾ ਨਾਲ ਲਿਖੀ ਹੈ, ਕਿਸ਼ਤਵਾਰ ਛਾਪ ਰਹੇ ਹਾਂ। ਆਸ ਹੈ ਕਿ ਪਾਠਕਾਂ ਨੂੰ ਪਸੰਦ ਆਵੇਗੀ।

# ਬਹੁ ਪੱਖੀ ਸ਼ਖਸੀਅਤ : ਭਾਈ ਕਰਮ ਸਿੰਘ ਰਤਨ

**ਭਾਈ ਗੁਰਮੀਤ ਸਿੰਘ ਜੋਸ਼**

(ਪਿਛਲੇ ਅੰਕ ਤੋਂ ਅੱਗੇ) ਗੁਰਦੁਆਰਾ ਪ੍ਰਬੰਧਕ ਕਮੇਟੀ ਵਿੱਚ ਇੱਕ ਸ: ਅਵਤਾਰ ਸਿੰਘ ਜੀ ਸਨ ਉਹਨਾਂ ਦੀ ਜਿੰਮੇਵਾਰੀ ਲਾਈ ਕਿ ਤੁਸੀਂ ਸਭ ਤੋਂ ਪਹਿਲਾਂ ਜਥੇ ਦਾ ਵੀਜ਼ਾ ਵਧਵਾਓ ਉਸ ਤੋਂ ਬਾਦ ਹੀ ਅਗਲਾ ਪ੍ਰੋਗਰਾਮ ਤਹਿ ਕਰਾਂਗੇ। ਸ: ਅਵਤਾਰ ਸਿੰਘ ਜੀ ਨੇ ਵਾਅਦਾ ਕੀਤਾ ਕਿ ਤੁਸੀਂ ਨਿਸਚਿੰਤ ਰਹੋ ਮੈਂ ਸਾਰਾ ਕੰਮ ਕਰਵਾਂਵਾਗਾ। ਉਹਨਾਂ ਦੇ ਯਤਨਾਂ ਸਦਕਾ ਰਤਨ ਜੀ ਦੇ ਜਥੇ ਦਾ ਇਕ ਮਹੀਨੇ ਦਾ ਵੀਜ਼ਾ ਹੋਰ ਵਧ ਗਿਆ।

ਕੁਆਲਾ ਲੰਪਰ ਪਹੁੰਚਣ ਤੋਂ ਬਾਅਦ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਰਤਨ ਜੀ ਦੇ ਜਥੇ ਦਾ 15 ਦਿਨ ਦਾ ਪ੍ਰੋਗਰਾਮ ਇਸੇ ਗੁਰਦੁਆਰੇ ਵਿੱਚ ਰੱਖਿਆ ਅਤੇ ਫਿਰ ਇਕ ਹਫਤੇ ਦਾ ਪ੍ਰੋਗਰਾਮ 27 ਨਵੰਬਰ ਤਕ ਐਤਵਾਰ ਤਕ ਗੁਰਦੁਆਰਾ ਤਤ ਖਾਲਸਾ ਅਤੇ ਇਕ ਹਫਤਾ 4 ਦਸੰਬਰ ਤਕ ਗੁਰਦੁਆਰਾ ਪਝਾਲੰਜਾਇਆ ਵਿਖੇ ਰੱਖਿਆ ਗਿਆ। ਜਥੇ ਦਾ ਵੀਜ਼ਾ ਪੀਨਾਂਗ ਤੋਂ 6 ਦਸੰਬਰ ਤੱਕ ਦਾ ਲੱਗਾ ਸੀ ਇਸ ਲਈ ਕਮੇਟੀ ਨੇ ਕੁਆਲਾ ਲੰਪਰ ਤੋਂ ਇਕ ਮਹੀਨੇ ਦਾ ਵੀਜ਼ਾ ਹੋਰ ਵਧਵਾ ਲਿਆ।

ਭਾਈ ਕਰਮ ਸਿੰਘ ਰਤਨਜੀ ਦੇ ਪਾਸ ਪੋਰਟ ਦੀ ਮਿਆਦ ਖਤਮ ਹੋਣ ਵਾਲੀ ਸੀ। ਗੁਰਦੁਆਰਾ ਗੁੰਬਦ ਲਾਈਨ ਵਿਖੇ ਇਕ ਸ: ਹਰਚਰਨ ਸਿੰਘ ਜੀ ਰੋਜ਼ ਕੀਰਤਨ ਸੁਣਨ ਲਈ ਆਂਵਦੇ ਸਨ ਜੋ ਇੰਡੀਆ ਅੰਬੈਸੀ ਵਿੱਚ ਕੰਮ ਕਰਦੇ ਸਨ। ਰਤਨ ਜੀ ਨੇ ਉਹਨਾਂ ਨੂੰ ਦੱਸਿਆ ਕਿ ਮੇਰੇ ਪਾਸਪੋਰਟ ਦੀ ਮਿਆਦ ਖਤਮ ਹੋ ਗਈ ਹੈ ਤਾਂ ਸ: ਹਰਚਰਨ ਸਿੰਘ ਜੀ ਰਤਨ ਜੀ ਦਾ ਪਾਸਪੋਰਟ ਲੈ ਗਏ ਤੇ ਉਹਨਾਂ ਨੇ ਪਾਸ ਪੋਰਟ ਦੀ ਮਿਆਦ ਪੰਜ ਸਾਲ ਹੋਰ ਵਧਾ ਦਿੱਤੀ।

ਜਿਤਨੀ ਦੇਰ ਕੁਆਲਾ ਲੰਪਰ ਰਹੇ, ਰਿਹਾਇਸ਼ ਇਨ੍ਹਾਂ ਦੀ ਗੁਰਦੁਆਰਾ ਗੁੰਬਦ ਲਾਈਨ ਹੀ ਰਹੀ। ਜਥੇ ਨੇ ਕੁਆਲਾ ਲੰਪਰ ਦੇ ਤਕਰੀਬਨ ਸਭ ਗੁਰੂ ਘਰਾਂ ਵਿੱਚ ਕੀਰਤਨ ਪ੍ਰੋਗਰਾਮ ਕੀਤੇ। ਨਵੰਬਰ 1983 ਦੀ ਦੀਵਾਲੀ ਅਤੇ ਗੁਰੂ ਨਾਨਕ ਸਾਹਿਬ ਜੀ ਤੋਂ ਪ੍ਰਕਾਸ਼ ਪੁਰਬ ਵੀ ਕੁਆਲਾ ਲੰਪਰ ਦੇ ਸਭ ਗੁਰਦਵਾਰਿਆਂ ਵਿੱਚ ਕੀਰਤਨ ਪ੍ਰੋਗਰਾਮ ਕੀਤੇ।

ਫਿਰ ਸਿੰਘਾਂਪੁਰ ਤੋਂ ਆਪ ਜੀ ਨੂੰ ਸੱਦਾ ਆਇਆ ਕਿ ਆਪ ਜੀ 16 ਦਸੰਬਰ 1983 ਨੂੰ ਸਿੰਘਾਂਪੁਰ ਪਹੁੰਚ ਜਾਓ ਤਾਂ ਗੁਰਦੁਆਰਾ ਗੁੰਬਦ ਲਾਈਨ ਦੇ ਪ੍ਰਬੰਧਕ ਕਮੇਟੀ ਨੇ ਰਤਨ ਜੀ ਜਥੇ ਨੂੰ 15 ਦਸੰਬਰ 1983 ਨੂੰ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਨੇ ਰਤਨ ਜੀ ਦੇ ਜਥੇ ਨੂੰ 15 ਦਸੰਬਰ ਦੁਪਹਿਰ ਨੂੰ ਸਨਮਾਨ ਨਾਲ ਰੇਲਵੇ ਸਟੇਸ਼ਨ ਤੋਂ ਵਿਦਿਆ ਕੀਤਾ। ਅਗਲੇ ਦਿਨ ਸਿੰਘਾਪੁਰ ਦੇ ਰੇਲਵੇ ਸਟੇਸ਼ਨ ਤੇ ਸ: ਸੁਰਿੰਦਰ ਸਿੰਘ ਸਕੱਤਰ ਗੁਰਦੁਆਰਾ ਨਾਨਕ ਸਤਸੰਗ ਕਾਤੋਂਗ ਵਾਲੇ ਪਹੁੰਚੇ ਹੋਏ ਸਨ ਤੇ ਉਹਨਾਂ ਨੇ ਪਹਿਲੇ ਰਤਨ ਜੀ ਪਾਸੋ ਪਾਸਪੋਰਟ ਲੈ ਕੇ ਰੇਲਵੇ ਸਟੇਸ਼ਨ ਦੇ ਇਮੀਗ੍ਰੇਸ਼ਨ ਦਫਤਰ ਤੋਂ ਸਿੰਘਾਪੁਰ ਦਾ ਵੀਜ਼ਾ ਲਗਵਾਇਆ ਤਿੰਨ ਮਹੀਨੇ ਦਾ ਵੀਜ਼ਾ ਲੈ ਕੇ ਫਿਰ ਸਟੇਸ਼ਨ ਤੋਂ ਆਪਣੀ ਵੈਨ ਜਥੇ ਨੂੰ ਲੈ ਕੇ ਗੁਰਦੁਆਰਾ

ਕਾਤੋਂਗ ਪਹੁੰਚ ਗਏ।

ਗੁਰਦੁਆਰਾ ਗੁਰ ਨਾਨਕ ਸਤਸੰਗ ਕਾਤੋਂਗ ਵਿਖੇ ਰੋਜ਼ ਦੇ ਪ੍ਰੋਗਰਾਮ ਇਸ ਤਰ੍ਹਾਂ ਹੁੰਦੇ ਸਨ- ਸਵੇਰੇ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਹੋਣ ਤੋਂ ਬਾਅਦ ਪਹਿਲੇ ਜਪੁ ਜੀ ਸਾਹਿਬ ਦਾ ਪਾਠ ਅਤੇ ਫਿਰ ਸੁਖਮਨੀ ਸਾਹਿਬ ਦਾ ਪਾਠ 6 ਵਜੇ ਤੱਕ ਹੁੰਦਾ ਹੇ ਉਸ ਤੋਂ ਬਾਅਦ 6 ਤੋਂ 8 ਵਜੇ ਤੱਕ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਸੀ ਤੇ ਉਸ ਤੋਂ ਬਾਅਦ ਕਥਾ ਹੁੰਦੀ ਸੀ ਤੇ ਬਾਅਦ ਵਿੱਚ ਫਿਰ ਰਾਗੀ ਜਥਾ ਇੱਕ ਸ਼ਬਦ ਦਾ ਕੀਰਤਨ ਕਰਕੇ ਸਮਾਪਤੀ ਕਰ ਦੇਂਦੇ ਹਨ। ਸ਼ਾਮ ਨੂੰ ਯਾ ਰਾਤ ਨੂੰ ਕੋਈ ਪ੍ਰੋਗਰਾਮ ਨਹੀਂ ਹੁੰਦਾ ਅਤੇ ਐਤਵਾਰ ਵਾਲੇ ਦਿਨ 7 ਵਜੇ ਕੀਰਤਨ ਆਸਾ ਦੀ ਵਾਰ ਦਾ ਸ਼ੁਰੂ ਹੋਂਦਾ ਹੈ ਤੇ 9 ਵਜੇ ਤੱਕ ਹੁੰਦਾ ਹੈ ਤੇ ਫਿਰ 10 ਵਜੇ ਤੱਕ ਕਥਾ ਹੁੰਦੀ ਹੈ ਅਤੇ ਫਿਰ ਕੁੱਝ ਪ੍ਰੇਮੀ ਸ਼ਬਦ ਪੜ੍ਹਦੇ ਹਨ ਤੇ ਫਿਰ ਦੁਬਾਰਾ ਰਾਗੀ ਜਥਾ ਅੱਧਾ ਘੰਟਾ ਕੀਰਤਨ ਕਰਦਾ ਹੈ ਤੇ ਅਨੰਦ ਸਾਹਿਬ ਪੜ੍ਹ ਕੇ 11-30 ਵਜੇ ਸਮਾਪਤੀ ਹੁੰਦੀ ਹੇ ਅਤੇ ਉਸ ਤੋਂ ਬਾਅਦ ਲੰਗਰ ਛੱਕ ਕੇ ਘਰਾਂ ਨੂੰ ਜਾਂਦੀ ਹੈ।

ਗਿ: ਬਿਕਰ ਸਿੰਘ ਜੀ ਇਸ ਗੁਰਦੁਆਰੇ ਦੇ ਹੈੱਡ ਗ੍ਰੰਥੀ ਸਨ ਬਹੁਤ ਹੀ ਪ੍ਰੇਮ ਵਾਲੇ ਤੇ ਮਿਲਾਪੜੇ ਸਨ। ਹਰ ਐਤਵਾਰ ਤੇ ਜਦੋਂ ਕੋਈ ਫੰਕਸ਼ਨ ਹੋਵੇ ਤਾਂ ਸਭ ਸੰਗਤ ਵਾਸਤੇ ਲੰਗਰ ਪ੍ਰੇਮੀ ਬਣਾਦੇ ਸਨ। 17 ਦਸੰਬਰ ਸ਼ਨੀਵਾਰ ਤੋਂ ਭਾਈ ਕਰਮ ਸਿੰਘ ਰਤਨ ਜੀ  ਆਪਣਾ ਪਹਿਲਾ ਕੀਰਤਨ ਕੀਤਾ ਤੇ 18 ਦਸੰਬਰ ਦਾ ਐਤਵਾਰ ਸੀ ਤੇ ਭਾਈ ਬਿਕਰ ਸਿੰਘ ਗ੍ਰੰਥੀ ਜੀ ਸ਼ਨੀਵਾਰ ਦੁਪਹਿਰ ਨੂੰ 17 ਤ੍ਰੀਕ ਨੂੰ ਭਾ. ਕਰਮ ਸਿੰਘ ਰਤਨ ਜੀ ਨੂੰ ਕਹਿਣ ਲੱਗੇ, ਭਾਈ ਸਾਹਿਬ ਜੀ ਤੁਸੀਂ ਕੱਲ ਐਤਵਾਰ ਨੂੰ ਜੇਹੜੇ ਸ਼ਬਦ ਪੜ੍ਹਨੇ ਹਨ ਉਹ ਸ਼ਬਦ ਮੈਨੂੰ ਨੋਟ ਕਰਵਾਉ ਤਾ ਰਤਨ ਜੀ ਨੇ ਪੁਛਿਆ ਕਿ ਇਹਦਾ ਕਿ ਕਾਰਨ ਹੈ ਤਾਂ ਉਹਨਾਂ ਨੇ ਦੱਸਿਆ ਕਿ ਏਥੇ ਇਹ ਸੰਗਤ ਦੀ ਮੰਗ ਹੈ ਕਿ ਜੇਹੜੇ ਸ਼ਬਦ ਰਾਗੀ ਜਥੇ ਨੇ ਐਤਵਾਰ ਨੂੰ ਕੀਰਤਨ ਵਿਚ ਪੜਨੇ ਹੋਣ ਉਹ ਸ਼ਬਦ ਟਾਈਪ ਕਰਕੇ ਤੇ ਇਸ਼ਤਿਹਾਰ ਛਾਪ ਕੇ ਸੰਗਤ ਵਿੱਚ ਰੱਖੇ ਜਾਦੇ ਹਨ ਤੇ ਸੰਗਤਾਂ ਓਹ ਸ਼ਬਦਾਂ ਦੇ ਇਸ਼ਤਿਹਾਰ ਦੀ ਇੱਕ ਇੱਕ ਕਾਪੀ ਲੈ ਜਾਂਦੀਆਂ ਹਨ ਤੇ ਜਦੋਂ ਰਾਗੀ ਜਥਾ ਉਹ ਸ਼ਬਦ ਪੜ੍ਹਦਾ ਹੈ ਤਾਂ ਸੰਗਤਾਂ ਵੀ ਨਾਲ ਨਾਲ ਉਹ ਸ਼ਬਦ ਪੜਦੀਆਂ ਹਨ ਤੇ ਗਾਉਂਦੀਆ ਹਨ। ਰਤਨ ਜੀ ਨੇ ਐਤਵਾਰ ਪੜ੍ਹਨ ਵਾਲੇ ਸ਼ਬਦਾਂ ਦੀ ਲਿਸ਼ਟ ਭਾਈ ਜੀ ਨੂੰ ਦੇ ਦਿੱਤੀ ਅਤੇ ਜਿਤਨਾ ਸਮਾਂ ਭਾਈ ਸਾਹਿਬ ਜੀ ਸਿੰਘਾਪੁਰ ਰਹੇ, ਇਹ ਮਰਿਆਦਾ ਚਲਦੀ ਰਹੀ ਤੇ ਬਾਅਦ ਵਿੱਚ ਭਾਈ ਕਰਮ ਸਿੰਘ ਰਤਨ ਜੀ ਆਪ ਹੀ ਹਰ ਸ਼ਨੀਵਾਰ ਸ਼ਬਦ ਟਾਈਪਰਾਈਟਰ ਤੇ ਆਪ ਹੀ ਟਾਈਪ ਕਰ ਕੇ ਦੇ ਦੇਂਦੇ ਸਨ। ਗੁਰਦੁਆਰਾ ਕਾਤੋਂਕ ਵਿਖੇ ਜਿਉਂ ਜਿਉਂ ਸੰਗਤਾਂ ਕੀਰਤਨ ਸੁਣਦੀਆ ਗਈਆਂ ਤਿਵੇਂ ਤਿਵੇਂ ਰਤਨ ਜੀ ਦਾ ਜਥਾ ਸਿੰਘਾਪੁਰ ਵਿੱਚ ਮਸ਼ਹੂਰ ਹੁੰਦੇ ਗਏ, ਤੇ ਇੱਕ ਮਹੀਨੇ ਵਿੱਚ ਰਤਨ ਜੀ ਦਾ ਜਥਾ ਸਾਰੇ ਸਿੰਘਾਪੁਰ ਵਿੱਚ ਮਸ਼ਹੂਰ ਹੋ ਗਿਆ ਤੇ ਦੂਜੇ ਗੁਰਦੁਆਰਿਆਂ ਵਿੱਚ ਵੀ ਆਪ ਜੀ ਨੂੰ ਪ੍ਰੋਗਰਾਮ ਆਉਣੇ ਸ਼ੁਰੂ ਹੋ ਗਏ ਤੇ ਆਪ ਜੀ ਨੇ ਹਰ ਗੁਰਦੁਆਰੇ ਵਿੱਚ ਜਾ ਕੇ ਕੀਰਤਨ ਕੀਤਾ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਸਿੰਘਾਪੁਰ ਵਿਚ ਇਕ ਸ: ਗੁਰਚਰਨ ਸਿੰਘ ਨਰੂਲਾ ਜੀ ਸਨ ਏ ਗੁਰਦੁਆਰਾ ਕਾਤੋਂਗ ਦੇ ਪਹਿਲੇ ਪ੍ਰਧਾਨ ਰਹਿ ਚੁੱਕੇ ਹਨ, ਇਹਨਾਂ ਦੇ ਘਰ ਇਕ ਦਿਨ ਕੀਰਤਨ ਦਾ ਪ੍ਰੋਗਰਾਮ ਸੀ ਤੇ ਉਹਨਾਂ ਨੇ ਰਤਨ ਜੀ ਨੂੰ ਵੀ ਘਰ ਸੱਦ ਕੇ ਉਹਨਾਂ ਤੋਂ ਕੀਰਤਨ ਸੁਣਿਆ ਤੇ ਕੀਰਤਨ ਸੁਣ ਕੇ ਨਰੂਲਾ ਜੀ ਬਹੁਤ ਮੁਤਾਸਿਰ ਹੋਏ ਅਤੇ ਦੀਵਾਨ ਦੀ ਸਮਾਪਤੀ ਤੋਂ ਬਾਅਦ ਨਰੂਲਾ ਜੀ, ਰਤਨ ਜੀ ਪਾਸ ਆ ਕੇ ਬੈਠ ਗਏ ਤੇ ਰਤਨ ਜੀ ਕਹਿਣ ਲੱਗੇ, ਰਤਨ ਜੀ ਆਪ ਜੀ ਦੇ ਕੀਰਤਨ ਦਾ ਬਹੁਤ ਅਨੰਦ ਆਇਆ ਹੈ। ਫਿਰ ਨਰੂਲਾ ਜੀ ਕਹਿਣ ਲੱਗੇ ਰਤਨ ਜੀ ਅੱਜ ਕਲ ਜੋ ਇਲੈਕਟ੍ਰਾਨਿਕ ਵਾਜੇ ਚੱਲੇ ਹਨ ਉਸ ਨਾਲ ਤੁਸੀਂ ਕੀਰਤਨ ਕਰੋ ਤਾਂ ਕੀਰਤਨ ਦਾ ਹੋਰ ਜਿਆਦਾ ਅਨੰਦ ਬਣ ਸਕਦਾ ਹੇ ਤਾਂ ਰਤਨ ਜੀ ਕਹਿਣ ਲੱਗੇ ਨਰੂਲਾ ਸਹਿਬ ਹਾਲੇ ਤਾਂ ਨਹੀਂ ਹਾਂ ਜੇਕਰ ਤੁਹਾਡੇ ਸਿੰਘਾਪੁਰ ਤੋਂ ਮਾਇਆ ਚੰਗੀ ਹੋ ਗਈ ਤਾਂ ਉਹ ਵਾਜਾ ਵੀ ਲੈ ਲਵਾਂਗੇ। ਇਕ ਦਿਨ ਨਰੂਲਾ ਜੀ ਸਵੇਰੇ ਗੁਰਦੁਆਰਾ ਆਏ ਤਾਂ ਰਤਲ ਜੀ ਨੂੰ ਕਿਹਾ, ਜਦੋਂ ਆਪ ਜੀ ਨੂੰ ਸਮਾਂ ਲੱਗੇ ਤਾਂ

ਸਾਡੇ ਦਫ਼ਤਰ ਵਿੱਚ ਚਰਨ ਪਾਉਣੇ ਅਤੇ ਆਪਣੇ ਦਫ਼ਤਰ ਦਾ ਪਤਾ ਦੇ ਦਿੱਤਾ ਤੇ ਉਸ ਤੋਂ ਅਗਲੇ ਦਿਨ ਰਤਨ ਜੀ ਸਿੰਘਾਪੁਰ ਦੇ ਹਾਈ ਸਟਰੀਟ ਬਜ਼ਾਰ ਘੁੰਮਣ ਚਲੇ ਗਏ ਜਥੇ ਸਮੇਤ, ਤੇ ਉਸ ਬਾਜਾਰ ਵਿੱਚ ਨਰੂਲਾ ਜੀ ਦਾ ਦਫ਼ਤਰ ਸੀ ਤੇ ਰਤਨ ਜੀ ਜਥੇ ਸਮੇਤ ਉਹਨਾਂ ਦੇ ਦਫਤਰ ਚਲੇ ਗਏ ਤਾਂ ਨਰੂਲਾ ਜੀ ਨੇ ਸਭ ਤੋਂ ਪਹਿਲੇ ਰਤਨ ਜੀ ਜਥੇ ਦਾ ਪੂਰਾ ਸਤਿਕਾਰ ਕੀਤਾ ਤੇ ਫਿਰ ਚਾਹ ਪਾਣੀ ਦੀ ਸੇਵਾ ਕੀਤੀ ਤੇ ਕਾਰੋਬਾਰ ਲਈ ਅਰਦਾਸ ਕਰਵਾਈ ਤੇ ਫਿਰ ਆਪਣੇ ਕਰਮਚਾਰੀ ਨੂੰ ਕਿਹਾ ਕਿ ਭਾਈ ਸਾਹਿਬ ਜੀ ਨਾਲ ਲੈ ਜਾਉ ਜੋ ਇਲੈਕਟ੍ਰਾਨਿਕ ਵਾਜਿਆਂ ਦਾ ਸੋਅਰੂਮ ਹੇ ਉਹ ਵਿਖਾ ਦਿਉ ਤੇ ਰਤਨ ਜੀ ਨੇ ਕਿਹਾ ਕਿ ਤੁਸੀ ਸਾਰੇ ਇਨਸਟ੍ਰੂਮੈਂਟ ਵੇਖ ਲੈਣਾ ਜੋ ਆਪ ਜੀ ਨੂੰ ਪਸੰਦ ਆਵੇ ਉਸ ਬਾਰੇ ਇਸ ਕਰਮਚਾਰੀ ਨੂੰ ਦੱਸ ਕੇ ਚਲੇ ਜਾਣਾ ਤੇ ਰਤਨ ਜੀ ਪੂਰੇ ਜਥੇ ਸਮੇਤ ਉਸ ਸੋਅਰੂਮ ਵਿੱਚ ਗਏ ਤੈ ਕਈ ਵਾਜੇ ਵੇਖੇ ਤੇ ਫਿਰ ਇੱਕ (ਕੈਸੀਓ) ਕੰਪਨੀ ਦਾ ਇਨਸਟ੍ਰੂਮੈਂਟ ਰਤਨ ਜੀ ਨੂੰ ਪਸੰਦ ਆਇਆ ਤੇ ਉਹਨਾਂ ਨੂੰ ਨੋਟ ਕਰਵਾ ਦਿੱਤਾ ਤੇ ਫਿਰ ਤਿੰਨ ਦਿਨਾਂ ਬਾਅਦ ਉਹੀ ਇਨਸਟ੍ਰੂਮੈਂਟ ਪੈਕ ਕਰਵਾ ਕੇ ਨਰੂਲਾ ਸਾਹਿਬ ਜੀ ਨੇ ਇਹ ਆਪਣੇ ਵੱਲੋਂ ਫਰੀ ਭੇਂਟ ਕਰ ਦਿੱਤਾ ।ਇਹ ਕੇਸੀਓ ਅਜ ਵੀ ਰਤਨ ਜੀ ਦੇ ਪਾਸ ਮੌਜੂਦ ਹੈ ਅਤੇ ਕਦੇ ਕਦੇ ਵੱਡੇ ਅਤੇ ਖਾਸ ਪ੍ਰੋਗਰਾਮ ਵਕਤ ਆਪ ਜੀ ਉਸ ਵਾਜੇ ਤੇ ਕੀਰਤਨ ਕਰਦੇ।

ਸਿੰਘਾਪੁਰ ਵਿੱਚ ਸ. ਗੁਰਚਰਨ ਸਿੰਘ ਜੀ ਸਨ ਜੋ ਕਿ ਪੰਜਾਬ ਦੇ ਜਿਲ੍ਹਾ ਫਿਰੋਜ਼ਪੁਰ ਦੇ ਰਹਿਣ ਵਾਲੇ ਸਨ ਅਤੇ ਉਹ ਸੰਗੀਤ ਦੇ ਬਹੁਤ ਸਿਆਣੇ ਅਤੇ ਸਮਝਦਾਰ ਸਨ ਤੇ ਆਪ ਬਹੁਤ ਕਮਾਲ ਦੇ ਵਾਇਲਨ ਵਜਾਂਦੇ ਸਨ ਅਤੇ ਰਤਨ ਜੀ ਨੂੰ ਕੀਰਤਨ ਕਰਾਦਿਆਂ ਇੱਕ ਮਹੀਨਾ ਹੋ ਬੀਤ ਗਿਆ ਸੀ ਤੇ ਇਕ ਐਤਵਾਰ ਵਾਲੇ ਦਿਨ ਸ. ਗੁਰਚਰਨ ਸਿੰਘ ਜੀ ਆਪਣੀ ਵਾਇਲਨ ਲੈ ਗੁਰਦੁਆਰੇ ਆ ਗਏ ਤੇ ਰਤਨ ਜੀ ਉਸ ਵੇਲੇ ਕੀਰਤਨ ਕਰ ਰਹੇ ਸਨ ਤੇ ਉਹਨਾਂ ਨੇ ਰਤਨ ਜੀ ਨੂੰ ਕੀਰਤਨ ਕਰਦਿਆਂ ਕੰਨ ਵਿੱਚ ਹੀ ਪੁਛਿਆ ਕਿ ਭਾਈ ਸਾਹਿਬ ਜੀ ਮੈਂ ਤੁਹਾਡੇ ਨਾਲ ਵਾਇਲਨ ਤੇ ਸੰਗਤ ਕਰ ਸਕਦਾ ਹਾਂ ਤਾ ਰਤਨ ਜੀ ਨੇ ਕਿਹਾ ਜ਼ਰੂਰ ਕਰੋ ਜੀ ਤਾਂ ਸ: ਗੁਰਚਰਨ ਸਿੰਘ ਜੀ ਨੇ ਕੀਰਤਨ ਵਿੱਚ ਵਾਇਲਨ ਨਾਲ ਸੰਗਤ ਕੀਤੀ ਤੇ ਕੀਰਤਨ ਦਾ ਅਨੰਦ ਹੋਰ ਬਣ ਗਿਆ ਅਤੇ ਸਮਾਪਤੀ ਤੋਂ ਬਾਅਦ ਗੁਰਚਰਨ ਸਿੰਘ ਜੀ ਰਤਨ ਜੀ ਦੇ ਕਮਰੇ ਵਿੱਚ ਉਹਨਾਂ ਨੂੰ ਆ ਕੇ ਮਿਲੇ ਤੇ ਕਹਿਣ ਲੱਗੇ ਆਪ ਜੀ ਦੇ ਨਾਲ ਵਾਇਲਨ ਵਜਾਣ ਦਾ ਬਹੁਤ ਆਨੰਦ ਆਇਆ ਹੈ। ਫਿਰ ਸ. ਗੁਚਰਚਨ ਸਿੰਘ ਜੀ ਹਰ ਐਤਵਾਰ ਨੂੰ ਰਤਨ ਜੀ ਨਾਲ ਵਾਇਲਨ ਦੀ ਸੰਗਤ ਕਰਦੇ, ਅਤੇ ਸ. ਗੁਰਚਰਨ ਸਿੰਘ ਜੀ ਸਿੰਘਾਪੁਰ ਦੇ ਰੇਡੀਓ ਸਟੇਸ਼ਨ ਨਾਲ ਅਟੈਚ ਸਨ ਤੇ ਉਹਨਾਂ ਦੇ ਰੇਡੀਓ ਸਟੇਸ਼ਨ ਤੋਂ ਪ੍ਰੋਗਰਾਮ ਆਉਂਦੇ ਰਹਿੰਦੇ ਸਨ ਤੇ ਇਕ ਦਿਨ ਸ. ਗੁਰਚਰਨ ਸਿੰਘ ਜੀ ਸਿੰਘਾਪੁਰ ਜੀ ਨੇ ਕਿਹਾ ਭਾਈ ਸਾਹਿਬ ਜੀ ਜੇ ਤੁਹਾਨੂੰ ਕੋਈ ਇਤਰਾਜ ਨਾ ਹੋਵੇ ਤਾਂ ਮੈਂ ਆਪ ਜੀ ਦਾ ਪ੍ਰੋਗਰਾਮ ਸਿੰਘਾਪੁਰ ਰੇਡੀਓ ਤੇ ਕਰਵਾਣ ਦੀ ਕੋਸ਼ਿਸ਼ ਕਰਾਂ ਤਾਂ ਰਤਨ ਜੀ ਨੇ ਕਿਹਾ ਅਗਰ ਐਸਾ ਹੋ ਸਕਦਾ ਹੈ ਤਾਂ ਸਾਨੂੰ ਬਹੁਤ ਖੁਸ਼ੀ ਹੋਵੇਗੀ ਤਾਂ ਗੁਰਚਰਨ ਸਿੰਘ ਜੀ ਨੇ ਕਿਹਾ ਕਿ ਸਿੰਘਾਪੁਰ ਵਿੱਚ ਰਹਿਣ ਵਾਲੇ ਪੰਜਾਬੀਆਂ ਵਾਸਤੇ ਹੁੰਦਾ ਹੇ, ਉਸ ਪ੍ਰੋਗਰਾਮ ਵਿੱਚ ਤੁਹਾਡਾ ਪ੍ਰੋਗਰਾਮ ਹੋ ਸਕਦਾ ਹੈ। ਸ. ਗੁਰਚਰਨ ਸਿੰਘ ਜੀ ਨੇ ਰੇਡੀਓ ਸਟੇਸ਼ਨ ਦੇ ਅਧਿਕਾਰੀਆਂ ਨਾਲ ਗੱਲ ਬਾਤ ਕੀਤੀ ਤੇ ਉਹਨਾਂ ਨੇ ਇਜਾਜ਼ਤ ਦੇ ਦਿੱਤੀ ਤੇ ਰਤਨ ਜੀ ਦਾ ਪ੍ਰੋਗਰਾਮ ਰੇਡੀਓ ਸਟੇਸ਼ਨ ਤੇ ਸੈਟ ਹੋ ਗਿਆ। ਭਾਈ ਕਰਮ ਸਿੰਘ ਰਤਨ ਜੀ ਦਾ ਪ੍ਰੋਗਰਾਮ ਸਿੰਘਾਪੁਰ ਰੇਡੀਓ ਸਟੇਸ਼ਨ ਤੇ 18 ਅਪ੍ਰੈਲ ਬੁੱਧਵਾਰ 1984 ਨੂੰ ਰੇਡੀਓ ਸਟੇਸ਼ਨ ਤੇ ਰੀਕਾਰਡ ਕੀਤਾ ਗਿਆ ਅਤੇ 22 ਅਪ੍ਰੈਲ ਐਤਵਾਰ 1984 ਨੂੰ ਸ਼ਾਮ ਨੂੰ 4 ਵਜੇ ਪੰਜਾਬੀ ਪ੍ਰੋਗਰਾਮ ਵਿੱਚ ਓਹ ਰੀਕਾਰਡਿੰਗ ਸੁਣਵਾਈ ਗਈ।

42 ਬੀ/2, ਖਸਰਾ ਨੰ: 25/3, ਦੀਪਕ ਵਿਹਾਰ, ਚੰਦਰ ਵਿਹਾਰ ਨਿਲੋਠੀ ਐਕਸਟੈਂਸਨ,
ਨਵੀਂ ਦਿੱਲੀ 110041, ਮੋਬਾ : 09968231247

# REMEMBERING OUR MUSICAL HERITAGE

Karanvir Singh Sebia- Mob.: 9888883311



Tradition Musical Instruments being played by Students of
Akal Degree college, Mastauna at the Sangrur Heritage and Literary Festival - 2016

If music be the food of love, play on by Shakespeare is so true. The effect of the melody transcends you into another zone and calms your mind. With the resonance you begin to enjoy the moments of tranquility, as exercise is for the body, music is for the mind.

North India has a very rich musical tradition as folk instruments go back many centuries. These instruments have left a big impression in the history. Bhai Mardana, the disciple of Guru Nanak Dev Ji, used to play a musical instrument called Rabab. Whenever Guruji used to recite Gurbani, they would say:

"Mardaneya, Rabab Vaja Bani Ayi Aa"

(Mardana, play the rabab, the divine words have come)

Guru Gobind Singh in the Swayya (in Punjabi) has written the following versus:

ਝਾਲਰ ਤਾਲ ਮ੍ਰਿਦੰਗ ਉਪੰਗ ਰਬਾਬ ਲੀਏ ਸੁਰ ਸਾਜ ਮਿਲਾਵੈਂ ॥

The tunes of various musical instruments like cymbals big and small, trumpet, kettledrum and Rabab are being made harmonies.

ਕਿੰਨਰ ਗੰਧ੍ਰਬ ਗਾਨ ਕਰੈ ਗਨਿ ਜੱਛ ਅਪੱਛਰ ਨਿਰਤ ਦਿਖਾਵੈਂ ॥ ੫੪॥

Somewhere the Kinnars and Gandharvas are singing and somewhere the Ganas, Yakshas and Apsaras are dancing.54.

ਸੰਖਨ ਕੀ ਧੁਨ ਘੰਟਨ ਕੀ ਕਰਿ ਫੂਲਨ ਕੀ ਬਰਖਾ ਬਰਖਾਵੈਂ ॥

With the sound of conches and gongs, they are causing the rain of flowers.

Punjabi folk music has a wide range of traditional musical instruments used in folk music and dances like Bhangra, Giddha etc. Some of the instruments are rare in use and difficult to find. Here are some best known traditional instruments of the Punjab region used in various cultural activities.

The folk instruments used to accompany Punjabi folk music reflect a cultural contiguity extending right across the length and breadth of Asia, material proof of influences from as far away as Greece and China.

Research, indicates that out of 87 instruments used by Punjab's folk musicians during the past century,

55 are still intact, 13 can be described as vanishing and 19 are long since gone.

Some of these instruments survive in the folk orchestras; others have been adapted to the needs of the times. Some instruments like the taus are very beautiful and the tradition must continue to the next generation.

**SOME OF THE INSTRUMENTS IN POPULAR USE**

**Algoze**



Algoze is a pair of Punjabi woodwind instruments adopted by Sindhi, Rajasthani and Baloch folk musicians, also called Jorhi, Do Nally, Satara or Ngoze. It resembles a pair of wooden flutes.

It is generally used as a folk instrument and Punjabi folk singers use it to play traditional music such as Jugni, Jind Mahi, and Mirza. It is also a popular choice of instruments among UK musicians for making contemporary Bhangra music and figures as an important instrument in Rajasthani and Baloch folk music.

The greatest exponents of Alghoza, however, are the Sindhi musicians (Late) Ustad Khamisu Khan, (Late) Ustad Misri Khan Jamali and Akbar Khamisu Khan (Khamisu Khan's son). Gurmeet Bawa (from Punjab) is another famous folk singer to use the instrument in her songs.

**Kato (Squirrel)**



Kato, A punjabi musical instrument

Kato is one of the traditional musical instruments of Punjab.

Kato literally means squirrel in Punjabi and named after its design similar to squirrel but used as a symbol of happiness.

The Kato is made of wood. The wooden shape of a squirrel is attached to one end of a stick the player holds the other end of the stick and pulled the ropes tied to the squirrel's mouth and tail and so the wooden squirrel functions and makes low clap sound.

**Tumbi**



The tumbi is a traditional Punjabi string instrument. Its one string can produce both high and low notes. The body of the instrument is made from various types of wood over which an animal skin is stretched and strings are attached.

Famous Punjabi singers of traditional songs, such as Mahiya, Challa, Jindua and Jugni, have all used the tumbi.

The one-stringed tumbi is the most famous instrument in Bhangra.

Yamla Jatt patronized this instrument and popularized it internationally.

**Dhol**



Dhol is the most favourite folk instrument of Punjab. It is a percussive instrument, which is used not only with male dance performances but also on most of the social rituals and festive celebrations.

It is a barrel shapped wooden drum with a skin mounted on both sides. It is played with two different types of wooden sticks.

**Dhad**

Dhad is a small percussive instrument of the damru style. Held in one hand, it is struck on either side. The player keeps on tightening or loosening the strings while playing to modulate the sound.





This instrument is a percussive twangs type instrument used in Punjab and neighbouring areas. The Chimta consists of two long flat pieces of iron with pointed ends and rings mounted on it. The Chimta is held in one hand, while the other hands shakes the Chimta vigourlesly causing the symbols to clash together and produce a jangling sound.

The Chimta has become popular in professional singing and devotional music in temples and gurudwara.



**Gharah**

This simple earthen pitcher serves as a musical instrument. The gharah player strikes the sides of the gharah with rings worn on fingers of a hand and also plays on its open mouth with the other hand to produce a very distinct rhythmic beat.



**Vanjali**

Punjabis call the thin horizontally-held flute bansuri and the wider, verticary-held flute vanjali. A bansuri is a simple bamboo tube with an aperture to blow into and six, eight or nine holes for producing the notes.

Notes are produced by increasing or decreasing wind pressure.

The bansuri may be embellished with coloured thread and tassels. Sometimes the pipe is bound with metal rings.



**Been**

This is the snake-charmer's pipe. It consists of two pipes (a drone and a chanter) made of wood, bamboo or metal set into a

gourd.

Two human hairs are inserted in the pipes and attached with wax. This is a trick developed by the been players to add a hissing, snake-like sound to the instrument. Typically, the been is decorated with strings of cowri shells looped over the gourd and hanging down like tassels.

Stamina and breath control are needed to become a skilled been-player.

**Bagdu**



The bagdu is a simple, single-note string instrument; the bowl may be made from a whole gourd or wood covered with animal skin.

The player tucks the bowl under his armpit and plucks at the string to produce a regular humming sound. Except for folk motifs painted on the bowl, the bugdu carries little ornamentation. Once the companion of snake-charmers and sadhus, it is rarely seen these days.

**Supp (Snake)**



A type of clapper, this instrument is seen only in Punjab. It is used in all folk dances such as giddha, bhangra and luddi.

The chikka-supp is made of wooden sticks about a foot long and an inch wide.

Fourteen to twenty such sticks are joined lattice-fashion so that the total length is usually about 4-5 feets. By stretching and contracting the ends, the player produces a sound resembling many hands clapping in unison. A chikka-sap may be painted or left in the natural colour of the wood. It is often decorated with tassles, pom-poms and even pieces of brightly coloured paper stuck in cut-out patterns. Sometimes the pictures of movie stars are on the handholds.

**Dafli**



This instrument consists of animal skin stretched over a circular, wooden frame about 15 cm in diameter and about 10 cm wide. It is held in one hand and tapped with the fingers or struck with a stick.

Gurdas Mann, the famous Punjabi singer, is identified with this instrumen t.

**Dilruba**



A Persian word meaning "heart-stealer" the dilruba has four mains strings. It is played in a seated position, the tabli (sound box) held in the lap of the performer and the eight- inch long dand (neck) resting against the left shoulder. It is fingered by the left hand and bowed by the right. The bow is called the “gaz”.

The dilruba was evolved in the 17th century as an alternative to the sarangi which had become associated with courtesans. Early instruments were decorated with giltwork and the gaz bore two or three colouful tassles.

**Nagara**



The nagara is a war-drum. Beating the Nagara heralded the arrival of kings and princes or meant that the army was marching into battle. Often a pair of nagara of similar or varying size are played together. The drum is metal-bodied, with one head, the membrane of skin stretched taut across the head and held with leather strips. The head of the nagara may be a full 120 cm in diameter, the very smallest will not be less than 38 cm.

It is beaten with a stick called a dagga whose tip is wound with a long leather strip.

The nagara itself may have a fringe of small tassels along its rim or it may have pendulous woollen pompoms suspended by string at two or three points on the instrument.

The nagara can be "tuned" to some extent: keeping it in the sun or heating it tightens the skin producing a loud, sharp tone; swabbing the head with a wet cloth loosens the head so that the note is heavier.

**Kharchaam**



Similar to the nagara, this war-drum with tassels all around the rim was mounted on horses, camels or elephants. It used thick mule-skin for the head to produce a loud note and was beaten to warn of impending attack. 'Chot payee kharchaami dallan mukabala.' (A reference from Chandi di vaar of Guru Gobind Singh.)

**Pakhawaj**



The sound of the pakhawaj is both sharp and deeply resonant. A tapering, wooden, hollow cylinder about 60 cm in length and 90 cm in diameter at the centre. The diameter of the right head is 16 cm and that of the left head is 25 cm. Both heads are covered with goatskin, the right thinner than the left. Both heads are covered with goatskin, the right thinner than the left. On the right head a paste of iron filings and glue is applied in the centre of the goat skin.


The note from the left head must be exactly one octave below that of the right head. To achieve this, the head is 'loaded": dhamma, kneaded dough, is smeared on the left head. This dough is removed after every performance. Sometimes a paste of sooji, flour, and water or boiled rice,

water and ashes are applied. This enhances the bass sound.

Membranes can be tightened or loosened by adjusting the leather strips attached to their circumference.

The artiste keeps the pakhawaj on the ground in front or on the lap. The left hand plays the bass and the right the treble.

**Rubab**



Rubab is a lute-like musical instrument originating from central Afghanistan. It derives its name from the Arabic rebab which means "played with a bow" but in Central Asia the instrument is plucked and is distinctly different in construction.

Construction of the rubab is a short-necked lute whose body is carved out of a single piece of wood, with a membrane, covering the hollow bowl of the sound-chamber. The instrument is made from the trunk of a mulberry tree the head is covered with an animal skin such as goat.

**History of the Rubab**

The rubab is known as "the lion of instruments" and is one of the two national instruments of Afghanistan with the zerbaghali.

Classical Afghan music often features this instrument as a key component.

When the Muslim musician Mardana became the first disciple of Guru Nanak, the plucked rubab became an essential component of Punjabi hymns.

The rubab finds mentioned in the old Persian books dating back to the 7th century CE. It holds the exalted position of being the first instrument used in Sikhism. It was used by Bhai Mardana the companion of Guru Nanak. Whenever Guru Nanak preached, Bhai Mardana would accompany him on the rubab. Bhai Mardana came to be known as a rubabi.

**Sarangi**




Sarangi is a popular bowed instrument in Punjab. It is a 24 inch long wooden instrument cut from a single log covered with parchment. This instrument usually has three major strings of varying thickness and the fourth string is made of brass, used for drone.

Modern sarangis contain thirty five to forty sympathetic strings running under the main strings.

In Punjab, this instrument has been adopted by folk performers such as Mian Kale Khan has been one of the prominent sarangi players of Punjab.

**Tabla**



The tabla consists of a pair of tuned drums played with both hands. It is the principal percussion instrument used in North Indian classical music.

The pair of drums consist of a high-

pitched, precisely tuned right hand drum, the dayan. A low-pitched, less precisely tuned is the left hand drum, the bayan. The dayan is responsible for the resonant ringing and clicking sounds. The bayan provides the bass.

**Taus**



Taus means 'peacock' in Persian and is derived from the sitar and sarangi. The body is shaped like a peacock and it is played with a bow. It has a sound hole at the 'tail' portion of the instrument and stands on bird-feet carved in wood.

The taus is painted in all of the bright shades of the beautiful bird, the peacock. The long tail serves the purpose of the finger board of the instrument. The taus has sixteen sympathetic metal strings, along with its four playing strings. The taus is very similar to the dilruba in construction and in playing technique. However, the taus has a bigger sound box and therefore produces a much more resonant and mellow sound. The taus was developed by Guru Hargobind Sahib the 6th guru who was a connoisseur of music.

**Sufi music**

Sufi music includes the singing of Sufi poetry in several genres. Some of the poets whose compositions are often sung include Baba Farid, Bulleh Shah, Shah Hussain, Waris Shah, and Mian Muhammad Bakhsh.

**Folk songs**

Punjab has folk songs to celebrate each and every occasion in life.

They can be divided into the following categories:

**Romantic**

To celebrate the numerous romances of Punjab, the most famous being Heer Ranjha, Mirza Sahiban, Sohni Mahiwal, Jugni, Mahiya, Dappe, songs have been sung for centuries.

**Heroic**

Songs are sung in praise of bravery of the heroes of Punjab. This would includes the songs about Dulla Bhatti, Jagga Jatt, S. Bhagat Singh, S. Udham Singh, Sucha Soorma, Jiona Maurh and Raja Rasalu.

**Religious**

No religious ceremony with Hindus, Sikhs, Christians, Jews and others can be complete without Bhajans, Shabads, Aarti, Psalms, Quawalis which reflect the very essence of religion.

Sikhism is closely related with music. The sixth Sikh guru, Guru Hargobind, established the singers called Dhadis to sing the Gurbani, Vaars (English: heroic ballads) and other folk genres using the normally two folk instruments, Dhad and Sarangi.

"We must…..enhance the quality, the width, the scope and access of our arts and music so that every single child can grow up in a community where art and music is a part of life."

**Note for the editor**

**1. All names of the instruments are in Italic, because they are not English words.**

**2. The quote at the end, who said this ?**

**A name would be preferable**

# ਸੁਰ ਲਿਪੀ– ਰਾਗ ਆਸਾ ਕਿ ਮਾਂਡ

ਗੁਰਬਖ਼ਸ਼ ਸਿੰਘ (ਕਰਤਾ ਰਾਗਾਂਜਲੀ) WWW.GURBANIRAAGS.COM

ਪੰਜਾਬ ਵਿੱਚ ਰਾਗ ਆਸਾ ਬਹੁਤ ਮਨ ਭਾਉਂਦਾ ਰਾਗ ਹੈ। ਸਵੇਰ ਵੇਲੇ ਆਸਾ ਦੀ ਵਾਰ ਆਸਾ ਰਾਗ ਵਿੱਚ ਹੀ ਗਾਈ ਜਾਂਦੀ ਹੈ ਭਾਵੇਂ ਕੁਝ ਗੁਣੀਜਨ ਕਦੇ–ਕਦੇ ਕੁਝ ਸਲੋਕ ਤੇ ਪਉੜੀਆਂ ਕਿਸੇ ਹੋਰ ਰਾਗ ਵਿੱਚ ਵੀ ਪੜ੍ਹ ਲੈਂਦੇ ਹਨ।

ਆਮ ਤੌਰ ਤੇ ਆਸਾ ਦੇ ਆਰੋਹ ਵਿੱਚ ਗੰਧਾਰ ਅਤੇ ਨਿਖਾਦ ਸੁਰ ਛੱਡ ਦਿੱਤੇ ਜਾਂਦੇ ਹਨ, ਅਵਰੋਹ ਸੰਪੂਰਨ ਹੈ। ਇਸ ਸ਼ੁੱਧ ਸੁਰਾਂ ਦੇ ਰਾਗ ਵਿੱਚ ਮ–ਸ ਦਾ ਵਾਦ ਸੰਵਾਦ ਹੈ। ਰਾਤ ਦੇ ਚੌਥੇ ਪਹਿਰ ਗਾਏ ਜਾਣ ਵਾਲੇ ਇਸ ਰਾਗ ਦਾ ਚਲਨ ਇਸ ਪ੍ਰਕਾਰ ਹੈ।

ਪ ਗਿ – ਪ ਧ ਨ – ਪ ਧ ਸੰ, ਸੰ ਨ ਧ ਪ – ਨ ਧ ਮ ਪ – ਪ ਧ ਮ ਪ ਗ – ਰ ਗ – ਸ।

ਇਸ ਚਲਨ ਤੋਂ ਸਾਫ ਜ਼ਾਹਰ ਹੈ ਕਿ ਇਸ ਰਾਗ ਦੀ ਚਾਲ ਵਕ੍ਰ ਹੈ ਅਤੇ ਇਸ ਵਕ੍ਰ ਚਾਲ ਤੋਂ ਬਗੈਰ ਆਸਾ ਆਪਣਾ ਪੂਰਾ ਰੂਪ ਨਹੀਂ ਵਿਖਾਉਂਦਾ। ਇਹ ਇੱਕ ਲੋਕ ਰਾਗ ਹੈ ਇਸ ਲਈ ਇਸ ਤੇ ਵਾਦੀ ਸੰਵਾਦੀ ਦੇ ਚੱਕਰ ਵਿੱਚ ਨਹੀਂ ਪੈਣਾ ਚਾਹੀਦਾ ਪਰ ਪੰਚਮ, ਖਰਜ ਅਤੇ ਮਧਯਮ ਇਸ ਦੇ ਮਹੱਤਵਪੂਰਨ ਸੁਰ ਜ਼ਰੂਰ ਹਨ। ਸਿੱਖ ਜਗਤ ਤੋਂ ਇਲਾਵਾ ਇਸ ਰਾਗ ਦੀਆਂ ਬੰਧਿਸ਼ਾਂ ਹੋਰ ਕਿਤੇ ਨਹੀਂ ਮਿਲਦੀਆਂ ਇਸ ਲਈ ਕੀਰਤਨੀਏ ਰਵਾਇਤੀ ਅਤੇ ਸੀਨਾ–ਬ–ਸੀਨਾ ਚੱਲੀਆਂ ਆਉਂਦੀਆਂ ਬੰਧਿਸ਼ਾਂ ਤੇ ਹੀ ਨਿਰਭਰ ਹੋਣ ਕਰਕੇ ਆਪਣੇ–ਆਪਣੇ ਢੰਗ ਨਾਲ ਇਸ ਦਾ ਗਾਇਨ ਕਰਦੇ ਹਨ ਅਤੇ ਸ਼ਾਸਤਰਕਾਰ ਆਪਣੇ ਢੰਗ ਨਾਲ ਹੀ ਇਸ ਦੀ ਬਣਤਰ ਉਲੀਕਦੇ ਹਨ। ਆਮ ਤੌਰ ਤੇ ਗੁਰੂ ਘਰ ਦੇ ਰਾਗੀ ਰਬਾਬੀ ਸ਼ਾਸਤਰੀ ਸੰਗੀਤ ਵਿੱਚ ਨਿਪੁੰਨ ਨਾ ਹੋਣ ਕਰਕੇ ਜਾਂ ਰਸ ਪੈਦਾ ਕਰਨ ਕਰਕੇ ਆਪਣੀ ਮਰਜ਼ੀ ਮੁਤਾਬਕ ਤਾਰ ਸਪਤਕ ਵਿੱਚ ਕੋਮਲ ਗੰਧਾਰ ਵਰਤ ਲੈਂਦੇ ਹਨ, ਤੀਵਰ ਮੱਧਮ ਅਤੇ ਕੋਮਲ ਧੈਵਤ ਵੀ ਲਗਾ ਲੈਂਦੇ ਹਨ ਪਰ ਕੁਸ਼ਲ ਗਾਇਕ ਸ਼ੁੱਧ ਸੁਰਾਂ ਵਿੱਚ ਹੀ ਇਸ ਦਾ ਵਿਕਾਸ ਕਰਦੇ ਹਨ। ਪ੍ਰਾਂਤਿਕ ਵਿਭਿੰਨਤਾ ਰਾਗਾਂ ਉੱਤੇ ਆਪਣਾ–ਆਪਣਾ ਰੰਗ ਚੜ੍ਹਾਦੀਂ ਹੈ। ਦੱਖਣ ਦਾ ਰੇਵਾਤੀ ਉੱਤਰ ਵਿੱਚ ਬੈਰਾਗੀ ਬਣ ਜਾਂਦਾ ਹੈ, ਕਿਰਵਾਨੀ, ਬਸੰਤ ਮੁਖਾਰੀ ਆਦਿ ਵੀ ਉੱਤਰ ਵਿੱਚ ਜੰਮ ਚੁੱਕੇ ਨੇ ਪਰ ਇਹ ਜ਼ਰੂਰੀ ਨਹੀਂ ਕਿ ਉਨ੍ਹਾਂ ਹੀ ਸੁਰਾਂ ਉੱਤੇ ਜੋਰ ਦਿੱਤਾ ਜਾਂਦਾ ਹੋਵੇਗਾ ਜਿਸ ਢੰਗ ਨਾਲ ਦੱਖਣੀ ਕਲਾਕਾਰ ਗਾਇਨ ਕਰਦੇ ਹੋਣ। ਇਸੇ ਤਰਾਂ ਗੁਜਰਾਤ ਦੇ ਰਾਜਸਥਾਨ ਦਾ ਇਕ ਮਸ਼ਹੂਰ ਰਾਗ ਮਾਂਡ ਹੈ। ਇਸਦਾ ਚਲਨ ਭਾਤਖੰਡੇ ਜੀ ਨੇ ਵਕ੍ਰ ਸੰਪੂਰਨ ਲਿਖਿਆ ਹੈ ਅਤੇ ਆਰੋਹ ਅਤੇ ਅਵਰੋਹ ਵਿੱਚ ਰਿਖਬ ਤੇ ਧੈਵਤ ਦੁਰਬਲ ਦੱਸਦੇ ਹਨ। ਪੰਡਿਤ ਰਾਮ ਆਸ਼ਰਯ ਝਾ ਜੀ ਨੇ ਮਾਂਡ ਦੇ ਦੋ ਆਰੋਹ ਅਵਰੋਹ ਦੱਸੇ ਹਨ।

ਸ ਗ, ਰ ਮ, ਗ ਪ , ਮ ਧ, ਪ ਨ, ਧ ਸਂ

ਸਂ ਧ, ਨ ਪ, ਧ ਮ, ਪ ਗ , ਰ ਗ ਸ

ਅਤੇ

ਸ ਰ ਮ ਪ ਧ ਸਂ

ਸਂ ਨ ਧ ਮ, ਪ ਗ ਰ , ਸ ਰ ਗ ਸ ।

ਇਹ ਦੂਸਰਾ ਆਰੋਹ ਪੰਜਾਬ ਦੇ ਕੀਰਤਨੀ ਸ਼ਾਸਤਰਕਾਰਾਂ ਦੇ ਆਸਾ ਦੇ ਆਰੋਹ ਨਾਲ ਪੂਰਾ ਮੇਲ ਖਾਂਦਾ ਹੈ ਅਤੇ ਅਵਰੋਹ ਵੀ ਬਹੁਤ ਵੱਖਰਾ ਨਹੀਂ। ਹੋਰਨਾਂ ਰਾਗਾਂ ਦੇ ਆਰੋਹ ਅਵਰੋਹ ਵੀ ਇਕ ਪੁਸਤਕ ਤੋਂ ਦੂਸਰੀ ਪੁਸਤਕ ਨਾਲ ਮੇਲ ਨਹੀਂ ਖਾਂਦੇ।

ਵਿਨਾਇਕ ਰਾਓ ਪਟਵਰਧਨ ਜੀ ਆਰੋਹ ਅਵਰੋਹ ਇਸ ਪ੍ਰਕਾਰ ਦੱਸਦੇ ਹਨ।

ਸ ਰ ਮ ਪ ਧ ਸਂ

ਸਂ ਨ ਧ ਪ, ਪ ਧ ਪ ਮ, ਗ ਰ ਸ

ਅਤੇ ਲਿਖਦੇ ਹਨ : "ਇਸੀ (ਮਾਂਡ) ਕੋ ਆਸਾ ਔਰ ਪਹਾੜੀ ਭੀ ਕਹਿਨੇ ਮੇਂ ਆਤਾ ਹੈ" ਪਰ ਨਾਲ ਹੀ ਲਿਖਦੇ ਹਨ "ਅਲਗ ਅਲਗ ਸਵਰੋਂ ਪਰ ਠਹਿਰਨੇ ਸੇ ਊਪਰ ਕੇ ਦੋਨੋਂ ਰਾਗ ਸਵਤੰਤਰ ਦਿਖ ਪੜਤੇ ਹੈ"। ਉਨ੍ਹਾਂ ਦੇ ਇਹ ਦੋ ਕਥਨ ਇੱਕ ਦੂਸਰੇ ਦੇ ਵਿਪਰੀਤ ਹਨ। ਪਟਵਰਧਨ ਜੀ ਦਾ ਮਾਂਡ ਨੂੰ ਪਹਾੜੀ ਕਹਿਣਾ ਕੁਝ ਅਜੀਬ ਲੱਗਦਾ ਹੈ ਪਰ ਮਾਂਡ ਨੂੰ ਆਸਾ ਜਾਂ ਆਸਾ ਨੂੰ ਮਾਂਡ ਦੱਸਣ ਵਿੱਚ ਲੇਖਕ ਦੀ ਸਹਿਮਤੀ ਹੈ। ਜੇ ਮਾਂਡ ਤੇ ਆਸਾ ਕਿਸੇ ਸੂਖਮ ਕੰਨ ਨੂੰ ਭਿੰਨ ਲੱਗਣ ਵੀ ਤਾਂ ਫਰਕ ਓਨਾ ਹੀ ਹੋਵੇਗਾ ਜੋ ਨਾਲ ਲੱਗਦੇ ਜ਼ਿਲ੍ਹਿਆਂ ਦੀ ਬੋਲੀ ਦੇ ਉਚਾਰਨ ਵਿੱਚ ਹੈ। ਮਾਂਡ ਰਾਜਸਥਾਨ ਦਾ ਤੇ ਆਸਾ ਪੰਜਾਬ ਦਾ ਹੋਣ ਦੇ ਨਾਤੇ ਏਨਾ ਕੁ ਫਰਕ ਤਾਂ ਸੁਭਾਵਕ ਹੀ

ਹੈ ਜੇ ਫਰਕ ਹੈ ਵੀ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭੀਮਪਲਾਸੀ ਅਤੇ ਧਨਾਸਰੀ ਦਾ ਵੇਰਵਾ ਅਲੱਗ-ਅਲੱਗ ਰਾਗਾਂ ਦੇ ਨਾਤੇ ਆਉਂਦਾ ਹੈ ਪਰ ਧਨਾਸਰੀ ਅੱਜ ਕਲ ਨਾ ਹੋਣ ਦੇ ਬਰਾਬਰ ਹੈ ਜੇ ਕੋਈ ਧਨਾਸਰੀ ਗਾਉਂਦਾ ਵੀ ਹੈ ਤਾਂ ਉਸ ਉੱਤੇ ਭੀਮਪਲਾਸੀ ਦਾ ਪੂਰਾ ਰੰਗ ਚੜ੍ਹਿਆ ਹੁੰਦਾ ਹੈ। ਸ਼ਾਇਦ ਇਸ ਤੋਂ ਘੱਟ ਫਰਕ ਮਾਂਡ ਤੇ ਆਸਾ ਦਾ ਹੈ।

ਇੱਕ ਉੱਚ ਕੋਟੀ ਦੇ ਸੰਗੀਤਕਾਰ ਨੂੰ ਰਾਗ ਆਸਾ - ਮਾਂਡ ਗਾਉਂਦੇ ਸੁਣਿਆ ਬਹੁਤ ਰਸਦਾਇਕ ਸੀ। ਆਨੰਦ ਓਨਾ ਹੀ ਆਇਆ ਜਿਨਾਂ ਕਿ ਘਿਓ ਨਾਲ ਭਰੀ ਚੰਗੀ ਰਿੱਝੀ ਖਿਚੜੀ ਦਾ। ਜਦ ਰਾਗ ਪਹਿਲਾ ਹੀ ਏਨੇ ਇੱਕ ਦੂਸਰੇ ਦੇ ਨੇੜੇ ਹਨ ਤਾਂ "ਆਸਾ- ਮਾਂਡ" ਦਾ ਕੀ ਮਤਲਬ ਰਹਿ ਜਾਂਦਾ ਹੈ।

ਇੱਕ ਵਾਰੀ ਸਾਰੰਗੀ ਤੇ ਪ੍ਰਮੁੱਖ ਉਸਤਾਦ ਸੁਲਤਾਨ ਖਾਂ ਸਾਰੰਗੀ ਤੇ ਲਹਿਰਾ ਲਾ ਰਹੇ ਸਨ। ਲੇਖਕ ਨੇ ਪੁੱਛਿਆ "ਕੀ ਇਹ ਆਸਾ ਸੀ" ਤਾਂ ਉਨ੍ਹਾਂ ਕਿਹਾ, "ਐਸਾ ਹੀ ਸਮਝੋ", ਬਾਅਦ ਵਿੱਚ ਉਨ੍ਹਾਂ ਦੱਸਿਆ ਕਿ ਉਹ ਮਾਂਡ ਵਜਾ ਰਹੇ ਸਨ ।

ਆਪਣੀ ਵਿਦਵਤਾ ਅਤੇ ਸੁਰ ਗਿਆਨ ਦੀ ਬਾਰੀਕੀ ਦਾ ਪ੍ਰਦਰਸ਼ਨ ਕਰਨ ਲਈ ਅਸੀਂ ਆਸਾ ਤੇ ਮਾਂਡ ਨੂੰ

## ਅਸਥਾਈ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| (ਮ)ਰ | – | (ਪ)ਮਮ | – | (ਧ)ਪ | – | ਧਨ | ਪਧ | ਧ | ਸੰ | ਸੰ | ਸੰ | (ਸੰ)ਨ | ਸੰ | ਧ | – |
| ਰਾ | ऽ | ਮਈ | ऽ | ਆ | ऽ | ਹਉ | ऽऽ | ਬਾ | ऽ | ਰ | ਕ | ਤੇ | ऽ | ਰਾ | ऽ |
| – | ਧ | ਧ | ਧ | ਪਧ | ਨ | ਧ | (ਪ)ਮ | – | – | ਮਮ | ਮਮ | ਗਮ | ਪਮ | ਗਰ | ਸ |
| ऽ | ਕਾ | ਹੇ | ਨ | ਖੰऽ | ऽ | ਡ | ਸ | ऽ | ऽ | ਅਵ | ਗੁਨ | ਮੇऽ | ऽऽ | ਗ੍ਰਾऽ | ऽ |
| | (ਮ)ਰ | ਮਮ | – | ਪ | – | (ਪ)ਧ | ਧ | (ਧ)ਪ | – | ਮ | ਮ | ਪ | – | ਪ | – |
| ऽ | ਰਾ | ਮਈ | ऽ | ਆ | ऽ | ਹ | ਉ | ਬਾ | ऽ | ਰ | ਕ | ਤੇ | ऽ | ਰਾ | ऽ |
| x | | | | 0 | | | | x | | | | 0 | | | |

## ਅੰਤਰਾ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | ਪਪ | ਪਪ | (ਨ)ਧ | – | (ਧ)ਸੰ | ਸੰ | – | –ਸੰ | ਰੰਰੰ | ਰੰਸੰ | ਸੰਗੰ | ਰੰਗੰ | ਸੰਨ | ਧ |
| | | ਸੁਤ | ਅਪ | ਰਾ | ऽ | ऽ | ਧ | ऽ | ऽਕ | ਰਤ | ਹੈऽ | ਜੇऽ | ऽऽ | ਤੇऽ | ऽ |
| – | ਪ | ਧਧ | ਰੰਰੰ | ਰੰਸੰ | ਰੰਗੰ | –ਸੰ | ਨਧ | ਸੰ | – | – | – | – | – | ਪਪ | ਪਧ |
| ऽ | ऽ | ਸੁਤ | ਅਪ | ਰਾऽ | ऽऽ | ऽऽ | ऽऽ | ਧ | ऽ | ऽ | ऽ | ऽ | ऽ | ਸੁਤ | ਅਪ |
| ਧ | – | ਧ | – | ਪ | –ਮ | ਮਪ | ਧਨ | ਧ | – | ਪ | – | – | – | ਪਪ | ਪਪ |
| ਰਾ | ऽ | ਧ | ऽ | ऽ | ऽਕ | ਰਤ | ਹੈऽ | ਜੇ | ऽ | ਤੇ | ऽ | ऽ | ऽ | ਜਨ | ਨੀऽ |
| ਪਧ | –ਪ | ਮ | ਮ | – | – | ਪ | ਧਨ | ਧ | –ਪ | ਪ | – | (ਰ)ਸ | –ਸ | –ਰ | –ਮ |
| ਚੀऽ | ऽऽ | ਤ | ਨ | ऽ | ऽ | ਆ | ਵਸ | ਤੇ | ऽऽ | ਤੇ | ऽ | ऽ | ऽਕਾ | ऽਹੇ | ऽਨ |
| ਗ | – | ਰ | ਰ | – | – | ਮਮ | ਮਗ | ਰ | – | ਗ | ਰ | ਸ | – | – | – |
| ਖੰ | ऽ | ਡ | ਸ | ऽ | ऽ | ਅਵ | ਗੁਨ | ਮੇ | ऽ | ऽ | ऽ | ਰਾ | ऽ | ऽ | ऽ |
| x | | | | 0 | | | | x | | | | 0 | | | |

Postal Regd. No. CH/0045/2015-2017 RNI Regd.No. 46788/89 ISSN 0972-2335

# ਸ਼ਬਦ ਅਰਥ

(ਆਸਾ ਕਬੀਰ ਜੀ)

ਸੁਤੁ ਅਪਰਾਧ ਕਰਤ ਹੈ ਜੇਤੇ ॥

As many mistakes as the son commits,

ਜਨਨੀ ਚੀਤਿ ਨ ਰਾਖਸਿ ਤੇਤੇ ॥੧॥

his mother does not hold them against him in her mind. ||1||

ਰਾਮਈਆ ਹਉ ਬਾਰਿਕੁ ਤੇਰਾ ॥

O Lord, I am Your child.

ਕਾਹੇ ਨ ਖੰਡਸਿ ਅਵਗਨੁ ਮੇਰਾ ॥੧॥ ਰਹਾਉ ॥

Why not destroy my sins? ||1||Pause||

ਜੇ ਅਤਿ ਕ੍ਰੋਪ ਕਰੇ ਕਰਿ ਧਾਇਆ ॥

If the son, in anger, runs away,

ਤਾ ਭੀ ਚੀਤਿ ਨ ਰਾਖਸਿ ਮਾਇਆ ॥੨॥

even then, his mother does not hold it against him in her mind. ||2||

ਚਿੰਤ ਭਵਨਿ ਮਨੁ ਪਰਿਓ ਹਮਾਰਾ ॥

My mind has fallen into the whirlpool of anxiety.

ਨਾਮ ਬਿਨਾ ਕੈਸੇ ਉਤਰਸਿ ਪਾਰਾ ॥੩॥

Without the Naam, how can I cross over to the other side? ||3||

ਦੇਹਿ ਬਿਮਲ ਮਤਿ ਸਦਾ ਸਰੀਰਾ ॥

Please, bless my body with pure and lasting understanding, Lord;

ਸਹਜਿ ਸਹਜਿ ਗੁਨ ਰਵੈ ਕਬੀਰਾ ॥੪॥੩॥੧੨॥

in peace and poise, Kabeer chants the Praises of the Lord. ||4||3||12||